


www.PunjabiLibrary.com

# ਮੁੱਲ 12 ਹਜਾਰ(ਭਾਗ ਦੂਜਾ)

ਬੜਾ ਸੋਹਣਾ ਮੁੱਲ ਪਾਇਆ ਏ ਮੇਰਿਆਂ ਜਜ਼ਬਾਤਾਂ ਦਾ, ਕਹਾਣੀਆਂ ਬਣਾ-ਬਣਾ ਕੇ ਵੇਚ ਰਿਹਾ ਏ?

ਫੇਸਬੁੱਕ ਦੇ ਕਿਸੇ ਅਣਜਾਣ ਖਾਤੇ ਤੋਂ ਸੰਦੇਸ਼ ਆਇਆ.. ਮੈਂ ਸੰਦੇਸ਼ ਪੜ੍ਹਿਆ ਤੇ ਸੋਚੀਂ ਪੈ ਗਿਆ ਕਿ ਕਿਸਨੇ, ਏਵੇਂ ਦਾ ਸੰਦੇਸ਼ ਭੇਜਿਆ। ਫਿਰ ਮੇਰਾ ਧਿਆਨ ਸਾਵਣ ਦੀ ਤਰਫ ਗਿਆ। ਮੈਂ ਤੁਰੰਤ ਹੀ ਜੁਆਬ ਵਿੱਚ ਸਵਾਲ ਕੀਤਾ...

ਕੌਣ ਸਾਵਣ?

ਜੁਆਬ ਆਇਆ..

ਕਿਉਂ ਕਿਸੇ ਹੋਰ ਤੇ ਵੀ ਕਹਾਣੀਆਂ ਲਿਖਵਾਈਆਂ ਨੇ?

ਮੈਂ ਕਾਫੀ ਸੋਚਾਂ ਵਿੱਚ ਪੈ ਗਿਆਂ। ਫਿਰ ਦਿਮਾਗ ਵਿੱਚ ਗੱਲ ਆਈ ਕਿ ਸ਼ਾਇਦ ਇਸਨੇ ਪ੍ਰੀਤ ਦੀ ਲਿਖੀ ਕਹਾਣੀ ਮੁੱਲ ਬਾਰਾਂ ਹਜਾਰ ਪੜ ਲਈ ਏ। ਕਿੰਨੇ ਚਿਰ ਤੱਕ ਮੈਨੂੰ ਉਸਦੇ ਸਵਾਲ ਦਾ ਕੋਈ ਜੁਆਬ ਨਾ ਆਇਆ। ਫਿਰ ਮੈਂ ਸੋਚਿਆ ਕਿ ਇਹ ਤਾਂ ਲਿਖਵਾਈ ਹੀ ਏਸੇ ਕਰਕੇ ਸੀ ਕਿ ਸਾਵਣ ਤੱਕ ਪਹੁੰਚੇ ਤੇ ਮੁੜ ਉਸ ਨਾਲ ਰਿਸ਼ਤਾ ਜੁੜੇ। ਪਰ ਪਤਾ ਨਹੀਂ ਕਿਉਂ ਮੈਨੂੰ ਉਸਦੇ ਸਵਾਲਾਂ ਦੇ ਜੁਆਬ ਦੇਣ ਵਿੱਚ ਖੁਸ਼ੀ ਮਹਿਸੂਸ ਨਹੀਂ ਸੀ ਹੋ ਰਹੀ। ਕਰੀਬ ਤਿੰਨ ਸਾਲ ਬਾਆਦ ਉਸ ਨਾਲ ਗੱਲ ਹੋ ਰਹੀ ਸੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਉਸਦੇ ਸ਼ਿਕਵਿਆਂ ਸਾਹਮਣੇ ਮੇਰੇ ਦਿਲ ਦੇ ਅਰਮਾਨਾਂ ਦੀਆਂ ਗੱਲਾਂ ਫਿੱਕੀਆਂ ਜਾਪ ਰਹੀਆਂ ਸਨ। ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਜੁਆਬ ਦੇਵਾਂ। ਇਹ ਪਹਿਲੀ ਵਾਰ ਹੋ ਰਿਹਾ ਸੀ ਕਿ ਕਿਸੇ ਦੇ ਸਵਾਲਾਂ ਦਾ ਜੁਆਬ ਦੇਣ ਬਾਰੇ ਮੈਂ ਐਨਾ ਸੋਚ ਰਿਹਾ ਹੋਵਾਂ। ਖੈਰ ਮੈਂ ਜੁਆਬ ਦਿੱਤਾ..

ਕੀ ਤੈਨੂੰ ਪੜਨ ਨੂੰ ਮਿਲੀਆਂ ਨੇ ਜੋ ਲੱਗਣ ਕਿ ਮੈਂ ਲਿਖਵਾਈਆਂ ਹੋਣ?

ਜੁਆਬ ਆਇਆ..

ਮੈਂ ਕਿਵੇਂ ਜਾਣ ਸਕਦੀ ਹਾਂ? ਇਹ ਤਾਂ ਤੁਸੀਂ ਜਾਣਦੇ ਹੋਵੋਗੇ ਜਾਂ ਫਿਰ ਉਹ ਜਿਸ ਤੇ ਕਹਾਣੀ ਲਿਖੀ ਹੋਵੇ। ਬਾਕੀ ਮੈਂ ਕਿਸੇ ਹੋਰ ਤੋਂ ਕੀ ਲੈਣਾ ਏ? ਮੁੱਦਾ ਤਾਂ ਮੇਰਾ ਏ? ਕਿ ਮੇਰੇ ਤੇ ਕਹਾਣੀ ਕਿਉਂ ਲਿਖਵਾਈ ਗਈ?

ਮੈਂ ਜੁਆਬ ਦਿੱਤਾ..

ਤਾਂ ਜੋ ਤੇਰੇ ਤੱਕ ਪੁੱਜ ਸਕੇ ਤੇ ਮੈਨੂੰ ਪਤਾ ਲੱਗੇ ਰਿਸ਼ਤਾ ਤੋੜਨ ਵਿੱਚ ਤੇਰੀ ਗਲਤੀ ਹੈ ਜਾਂ ਫਿਰ ਮੈਂ ਖੁੱਦ ਨੂੰ ਹੀ ਦੋਸ਼ੀ ਮੰਨਦਾ ਰਹਾਂ?

ਜੁਆਬ ਆਇਆ..

ਤੁਹਾਨੂੰ ਕੀ ਲੱਗਦਾ ਕਿਸਨੇ ਰਿਸ਼ਤੇ ਨੂੰ ਤੋੜਨ ਵਿੱਚ ਪਹਿਲ ਕੀਤੀ?

ਮੈਂ ਜੁਆਬ ਦਿੱਤਾ..

ਤੂੰ ਕਹਾਣੀ ਪੜੀ ਏ?

ਜੁਆਬ ਆਇਆ..

ਹਾਂ।

ਮੈਂ ਜੁਆਬ ਦਿੱਤਾ..

ਫਿਰ ਤੂੰ ਦੱਸ ਕਿਸਦੀ ਗਲਤੀ ਹੈ?

ਜੁਆਬ ਆਇਆ..

ਮੈਨੂੰ ਲੱਗਿਆ ਕਿ ਆਪ ਨੇ ਮੇਰੇ ਜਿਸਮ ਤੇ ਜਜ਼ਬਾਤਾਂ ਦਾ ਮੁੱਲ ਇੱਕ ਘੜੀ ਦੇ ਵਟਾਂਦਰੇ ਤੇ ਪਾ ਲਿਆ।

ਮੈਂ ਜੁਆਬ ਦਿੱਤਾ..

ਅੱਛਾ.. ਕੀ ਤੈਨੂੰ ਜਿਸਮ ਦੀ ਭੁੱਖ ਨਹੀਂ ਸੀ? ਕੀ ਸਿਰਫ ਮੈਂ ਹੀ ਤੇਰੇ ਨਾਲ ਜਿਸਮ ਲਈ ਰਿਸ਼ਤਾ ਜੋੜਿਆ ਸੀ? ਜ਼ਰਾ ਖੁੱਦ ਵੱਲ ਵੀ ਝਾਤੀ ਮਾਰ ਸੱਜਣਾ, ਕਿਤੇ ਇਹ ਨਾ ਹੋਵੇ ਸਾਰੇ ਦੋਸ਼ ਮੇਰੇ ਸਿਰ ਮੜ ਖੁੱਦ ਬਰਖਾਸਤ ਹੋ ਜਾਵੇਂ ਰਿਸ਼ਤੇ ਤੋਂ ਵੀ ਤੇ ਗਲਤੀਆਂ ਤੋਂ ਵੀ।

ਜੁਆਬ ਆਇਆ..

ਫਿਰ ਕਿਸ ਤੇ ਦੋਸ਼ ਲਾਵਾਂ? ਜੇ ਆਪਣੇ ਆਪ ਨੂੰ ਹੀ ਇਸਦਾ ਦੋਸ਼ੀ ਮੰਨੀ ਗਈ ਫਿਰ ਤਾਂ ਮੈਂ ਕੱਖਾਂ ਤੋਂ ਵੀ ਹੌਲੀ ਹੋ ਜਾਵਾਂਗੀ।

ਮੈਂ ਜੁਆਬ ਦਿੱਤਾ..

ਬੰਦਾ ਆਪਣੇ ਪਿਛੋਕੜ ਤੋਂ ਨਹੀਂ ਭੱਜ ਸਕਦਾ। ਭਾਵੇਂ ਉਹ ਸੋਹਣਾ ਹੋਵੇ ਜਾਂ ਭੱਦਾ।

ਜੁਆਬ ਆਇਆ..

ਦੱਸੋ ਫਿਰ ਕਿਸ ਨੂੰ ਦੋਸ਼ੀ ਮੰਨੀਏ?

ਮੈਂ ਜੁਆਬ ਦਿੱਤਾ..

ਤੂੰ ਖੁੱਦ ਨੂੰ ਮੰਨ ਲਾ। ਮੈਂ ਤਾਂ ਖੁੱਦ ਨੂੰ ਮੰਨਦਾ ਹੀ ਆ। ਬਾਕੀ ਤੂੰ ਵਿਚਾਰ ਕਰ ਲੈ।

ਜੁਆਬ ਆਇਆ..

ਚਲੋ ਠੀਕ ਹੈ ਮੈਂ ਮੰਨਦੀ ਹਾਂ ਕਿ ਮੇਰਾ ਵੀ ਦੋਸ਼ ਹੈ ਪਰ ਇਸਦਾ ਨਤੀਜ਼ਾ ਕੀ ਫਿਰ?

ਮੈਂ ਜੁਆਬ ਦਿੱਤਾ..

ਰਿਸ਼ਤਾ ਮੁੜ ਤੋਂ ਜੁੜ ਜਾਵੇਗਾ..

ਜੁਆਬ ਆਇਆ..

ਪਰ ਮੈਂ ਮੁੜ ਤੋਂ ਇਸ ਉਲਝਣ ਵਿੱਚ ਨਹੀਂ ਫਸਣਾ ਚਾਹੁੰਦੀ। ਮੈਂ ਨਹੀਂ ਚਾਹੁੰਦੀ ਕਿ ਮੇਰੀ ਬੇ ਵਫਾਈ ਤੇ ਆਪ ਕਵਿਤਾਵਾਂ ਜਾਂ ਕਹਾਣੀਆਂ ਲਿਖੋਂ ਤੇ ਖ਼ੁੱਦ ਨਾਲ ਮੈਨੂੰ ਵੀ ਮਸ਼ਹੂਰ ਕਰੋ।

ਮੈਂ ਜੁਆਬ ਦਿੱਤਾ..

ਕਾਰਨ ਕਹਾਣੀਆਂ ਜਾਂ ਕਵਿਤਾਵਾਂ ਤਾਂ ਨਹੀਂ ਲੱਗਦੀਆਂ?

ਜੁਆਬ ਆਇਆ..

ਮੈਂ ਦੋ ਰਿਸ਼ਤੇ ਨਹੀਂ ਨਿਭਾ ਸਕਦੀ। ਇੱਕ ਪਤਨੀ ਦਾ ਤੇ ਦੂਜਾ ਪ੍ਰੇਮਿਕਾ ਦਾ।

ਮੈਂ ਜੁਆਬ ਦਿੱਤਾ..

ਪਹਿਲਾਂ ਤਾਂ ਇਹੋ ਜਿਹੀ ਕੋਈ ਸਮੱਸਿਆ ਨਹੀਂ ਸੀ? ਇਹ ਆਪਣੇ ਦੌਰਾਨ ਬਣੇ ਜਿਸਮਾਨੀ ਰਿਸ਼ਤੇ ਬਾਅਦ ਖਿਆਲ ਆਇਆ ਜਾਂ ਫਿਰ ਪਹਿਲਾਂ?

ਜੁਆਬ ਆਇਆ..

ਬੇਸ਼ੱਕ ਬਾਅਦ ਵਿੱਚ।

ਮੈਂ ਜੁਆਬ ਦਿੱਤਾ..

ਮੈਂ ਅਕਸਰ ਦੇਖਿਆ ਹੈ। ਔਰਤਾਂ ਨੂੰ ਕਿਸੇ ਗੈਰ ਮਰਦ ਨਾਲ ਜਿਸਮਾਨੀ ਤਾਲੂਕਾਤ ਬਣਾਉਣ ਤੋਂ ਬਾਅਦ ਖ਼ੁੱਦ ਨੂੰ ਸਤੀ ਸਾਵਿਤਰੀ ਬਣਾਉਣ ਨੂੰ ਜਾਂ ਅਖਵਾਉਣ ਨੂੰ ਦਿਲ ਕਰਦਾ ਹੈ। ਪਰ ਨਮੋਸ਼ੀ ਦੀ ਗੱਲ ਹੈ ਕਿ ਇਹ ਸੰਭਵ ਨਹੀਂ।

ਜੁਆਬ ਆਇਆ..

ਆਪ ਮੈਨੂੰ ਲਾਹਨਤਾਂ ਪਾ ਰਹੇ ਹੋ। ਇਹ ਠੀਕ ਗੱਲ ਨਹੀਂ।

ਮੈਂ ਜੁਆਬ ਦਿੱਤਾ..

ਹਾ.ਹਾ.ਹਾ.ਹਾ.ਹਾ. ਸੱਚੀਆਂ ਗੱਲਾਂ ਲਾਹਨਤਾਂ ਹੀ ਜਾਪਦੀਆਂ ਨੇ।

ਜੁਆਬ ਆਇਆ..

ਮੈਨੂੰ ਨਹੀਂ ਲੋੜ ਇਹਨਾਂ ਲਾਹਨਤਾਂ ਦੀ। ਆਪਣੇ ਕੋਲ ਰੱਖੋਂ। ਮੈਂ ਨਹੀਂ ਰਿਸ਼ਤੇ ਨੂੰ ਅੱਗੇ ਤੋਰ ਸਕਦੀ। ਆਪਣਾ ਪਤਾ ਭੇਜ ਦਿਉ। ਆਪਦੀ ਘੜੀ ਵਾਪਿਸ ਭੇਜ ਦੇਵਾਂਗੀ।

ਮੈਂ ਜੁਆਬ ਦਿੱਤਾ..

ਮੈਂ ਦਿੱਤੀਆਂ ਹੋਈਆਂ ਚੀਜ਼ਾ ਵਾਪਿਸ ਨਹੀਂ ਲੈਂਦਾ।

ਜੁਆਬ ਆਇਆ..

ਫਿਰ ਇਸਦਾ ਮਤਲਬ ਆਪ ਨੇ ਸੱਚ-ਮੁੱਚ ਹੀ ਮੇਰੇ ਨਾਲ ਰਿਸ਼ਤੇ ਦਾ ਮੁੱਲ ਘੜੀ ਦੇ ਵਜੋਂ ਪਾਇਆ ਏ।

ਮੈਂ ਜੁਆਬ ਦਿੱਤਾ..

ਜੇ ਤੈਨੂੰ ਇੰਝ ਲੱਗਦਾ ਤਾਂ ਠੀਕ ਹੈ ਭੇਜ ਦੇ ਘੜੀ ਵਾਪਿਸ। ਤੇਰੇ ਦਿਲ ਦਾ ਭਾਰ ਹੌਲਾ ਹੋਜੂਗਾ।

ਜੁਆਬ ਆਇਆ..

ਠੀਕ ਹੈ ਭੇਜੋ ਪਤਾ।

ਮੈਂ ਆਪਣਾ ਪੂਰਾ ਪਤਾ ਭੇਜ ਦਿੱਤਾ। ਉਸਨੇ ਸੰਦੇਸ਼ ਪੜ੍ਹਿਆ ਪਰ ਉਸ ਤੋਂ ਬਾਅਦ ਕੋਈ ਜੁਆਬ ਨਾ ਦਿੱਤਾ। ਮੈਂ ਖੁੱਦ ਤੇ ਰੋਸ ਕੀਤਾ ਕਿ ਕਾਹਲੀ ਵਿੱਚ ਸਾਵਣ ਤੋਂ ਹੋਰ ਦੂਰੀ ਬਣਾ ਲਈ। ਇਹ ਤਾਂ ਭਰਵਾਂ ਨੁਕਸਾਨ ਹੋ ਗਿਆ। ਪਰ ਫੋਕੀ ਆਕੜ ਕਾਰਨ ਮੈਂ ਨਾ ਤਾਂ ਮੁਆਫੀ ਮੰਗੀ ਤੇ ਨਾ ਹੀ ਕੋਈ ਆਪਣੇ ਪਤੇ ਤੋਂ ਇਲਾਵਾ ਕੋਈ ਹੋਰ ਸੰਦੇਸ਼ ਭੇਜਿਆ। ਪਰ ਮਨ ਬਹੁਤ ਭਟਕਣ ਲੱਗਾ। ਫਿਰ ਕਾਫੀ ਦਿਨ ਗੁਜਰ ਗਏ। ਉਸਦਾ ਕੋਈ ਨਾ ਫੋਨ ਆਇਆ ਨਾ ਹੀ ਸੰਦੇਸ਼। ਫਿਰ ਇੱਕ ਦਿਨ ਡਾਕੀਆ ਆਇਆ ਤੇ ਕਾਗਜ਼ਾਂ ਨਾਲ ਲਵੇਟਿਆ ਇੱਕ ਡੱਬਾ ਫੜਾ ਗਿਆ। ਮੈਂ ਉਸਨੂੰ ਖੋਲਿਆ ਤਾਂ ਵਿੱਚ ਓਹੀ ਘੜੀ ਸੀ ਜੋ ਮੈਂ ਸਾਵਣ ਨੂੰ ਲੈ ਕੇ ਦਿੱਤੀ ਸੀ। ਮੈਨੂੰ ਬੜਾ ਝਟਕਾ ਲੱਗਾ ਕਿ ਇਹ ਕੀ ਹੋ ਗਿਆ। ਕਿਉਂਕਿ ਮੈਂ ਨਹੀਂ ਸੀ ਸੋਚਿਆ ਕਿ ਸਾਵਣ ਸੱਚ-ਮੁੱਚ ਹੀ ਘੜੀ ਨੂੰ ਵਾਪਿਸ ਭੇਜ ਦੇਵੇਗੀ। ਖੈਰ ਹੁਣ ਪਛਤਾਵੇ ਤੋਂ ਬਿਨਾ ਹੋਰ ਕੁਝ ਨਹੀਂ ਸੀ ਕਰ ਸਕਦਾ। ਮੈਂ ਵਿੱਚੋਂ ਘੜੀ ਕੱਢੀ ਤੇ ਦੇਖਿਆ ਕਿ ਘੜੀ ਰੁਕੀ ਹੋਈ ਸੀ ਨਾਲ ਹੀ ਇੱਕ ਚਿੱਠੀ ਸੀ। ਮੈਂ ਚਿੱਠੀ ਕੱਢੀ ਤੇ ਪੜ੍ਹਨ ਲੱਗਾ..

"ਮੈਂ ਸਾਵਣ। ਵੈਸੇ ਦੱਸਣ ਦੀ ਲੋੜ ਤਾਂ ਨਹੀਂ ਸੀ ਜਾਪਦੀ। ਘੜੀ ਦੇਖ ਆਪ ਸਮਝ ਹੀ ਗਏ ਹੋਵੋਗੇ। ਖੈਰ ਮੇਰੇ ਕੋਲ ਆਪਦੀ ਅਮਾਨਤ ਸੀ। ਬੜੇ ਵਕਤ ਤੋਂ ਮੇਰੇ ਕੋਲ ਪਈ ਹੋਈ ਸੀ। ਮੈਂ ਕਾਫੀ ਚਿਰ ਤੋਂ ਇਸ ਨੂੰ ਵਕਤ ਵੇਖਣ ਲਈ ਇਸਤਿਮਾਲ ਕਰਨਾ ਬੰਦ ਕਰ ਦਿੱਤਾ ਸੀ। ਦਰਅਸਲ ਮੈਂ ਸਦਾ ਲਈ ਹੀ ਵਕਤ ਵੇਖਣਾ ਬੰਦ ਕਰ ਦਿੱਤਾ ਹੈ। ਕਿਉਂਕਿ ਮੇਰਾ ਵਕਤ ਜ਼ਿਆਦਾਤਰ ਖਰਾਬ ਹੀ ਰਿਹਾ ਹੈ। ਇਸ ਲਈ ਇਸਨੂੰ ਵੇਖਣਾ ਨਾ ਵੇਖਣਾ ਕੋਈ ਮਾਇਨੇ ਨਹੀਂ ਰੱਖਦਾ। ਤੇ ਮੇਰੇ ਕੋਲ ਕਿਸੇ ਤਰ੍ਹਾਂ ਦੀ ਘੜੀ ਦਾ ਹੋਣਾ ਵੀ ਫਜ਼ੂਲ ਹੀ ਹੈ। ਇਸ ਲਈ ਘੜੀ ਦੇਖ ਹੈਰਾਨ ਹੋਣ ਦੀ ਲੋੜ ਨਹੀਂ।

ਮੈਂ ਜਿਆਦਾ ਗੱਲਾਂ ਨਾ ਕਰ, ਬਸ ਕੁਝ ਗੱਲਾਂ ਸਾਫ ਕਰਨਾ ਚਾਹੁੰਦੀ ਹਾਂ। ਜੋ ਕਿ ਮੈਨੂੰ ਲੱਗਦਾ ਹੋਈਆਂ ਜਰੂਰੀ ਨੇ, ਨਹੀਂ ਤਾਂ ਗਲਤਫਹਿਮੀਆਂ ਕਾਰਨ ਦਿਲ ਵਿੱਚ ਉਬਾਲ ਭਰਿਆ ਰਹਿੰਦਾ ਹੈ। ਸਭ ਤੋਂ ਪਹਿਲਾਂ ਘੜੀ ਦੀ ਗੱਲ ਕਰਦੀ ਹਾਂ। ਮੈਂ ਇਸ ਨੂੰ ਵਾਪਸ ਕਰਨ ਲਈ ਮਜਬੂਰ ਹਾਂ। ਕਿਉਂਕਿ ਮੈਂ ਜੱਦ ਵੀ ਇਸਨੂੰ ਦੇਖਦੀ ਹਾਂ ਤਾਂ ਮੈਨੂੰ ਇੰਝ ਲੱਗਦਾ ਹੈ ਕਿ ਜਿਵੇਂ ਮੈਂ ਇੱਕ ਘੜੀ ਲੈ ਆਪਣਾ ਵਕਤ, ਪਿਆਰ ਤੇ ਜਿਸਮ ਵੇਚ ਦਿੱਤਾ ਹੋਵੇ। ਤੇ ਸੋਚਦੀ ਹਾਂ ਕਿ ਸ਼ਾਇਦ ਆਪ ਨੇ ਮੇਰੇ ਨਾਲ ਖਰੀਦਦਾਰੀ ਕੀਤੀ ਹੋਵੇ। ਇਹ ਗੱਲ ਕਿਸ ਹੱਦ ਤੱਕ ਸਹੀ ਹੈ ਇਹ ਆਪ ਤੇ ਨਿਰਭਰ ਕਰਦਾ ਹੈ।

ਮੈਂ ਨਹੀਂ ਜਾਣਦੀ ਕਿ ਆਪ ਨੇ ਮੇਰੇ ਨਾਲ ਰੂਹ ਤੋਂ ਰਿਸ਼ਤਾ ਜੋੜਿਆ ਸੀ ਜਾਂ ਬਸ ਜਿਸਮ ਤੋਂ। ਪਰ ਮੈਂ ਆਪ ਨਾਲ ਜਰੂਰ ਰੂਹ ਤੋਂ ਜੁੜ ਚੁਕੀ ਸਾਂ। ਤੇ ਸ਼ਾਇਦ ਅੱਜ ਤੱਕ ਵੀ ਜੁੜੀ ਹੋਈ ਹਾਂ। ਇਸ ਗੱਲ ਤੋਂ ਮੈਨੂੰ ਇਨਕਾਰ ਨਹੀਂ ਕਿ ਮੈਨੂੰ ਵੀ ਜਿਸਮ ਦੀ ਤਲਬ ਸੀ ਤੇ ਆਪਣੇ ਬੁਰੇ ਵਕਤ ਨੂੰ ਚੰਗਾ ਬਣਾਉਣ ਲਈ ਆਪ ਨਾਲ ਰਿਸ਼ਤਾ ਜੋੜਿਆ ਤੇ ਫਿਰ ਤੋੜਿਆ ਵੀ ਮੈਂ ਹੀ। ਆਪ ਮੈਨੂੰ ਬੇਵਫਾ

ਆਖ ਲਵੋ ਜਾਂ ਜੋ ਦਿਲ ਕਰੇ, ਮੈਨੂੰ ਕੋਈ ਰੋਸ ਨਹੀਂ। ਹਾਂ ਗਲਤੀ ਮੇਰੀ ਹੈ। ਮੈਂ ਹੋਰ ਗੱਲਾਂ ਨਹੀਂ ਕਰਨਾ ਚਾਹੁੰਦੀ, ਅਗਰ ਕਰਨ ਲੱਗੀ ਤਾਂ ਇਸ ਘੜੀ ਨੂੰ ਵਾਪਿਸ ਨਹੀਂ ਭੇਜ ਸਕਾਂਗੀ। ਬਸ ਇਹੀ ਕਹਿਣਾ ਚਾਹੁੰਦੀ ਹਾਂ ਕਿ ਜੇ ਹੋ ਸਕੇ ਤਾਂ ਮੇਰੀਆਂ ਭੁੱਲਾਂ ਨੂੰ ਕਬੂਲ ਕਰ ਲਓ ਤੇ ਮੁਆਫ ਕਰਨ ਦਾ ਯਤਨ ਕਰਨਾ। ਤਾਂ ਜੋ ਮੇਰੇ ਤੇ ਆਪ ਦੇ ਦਿਲ ਦਾ ਭਾਰ ਹੌਲਾ ਹੋ ਸਕੇ। ਰਹੀ ਗੱਲ ਆਪ ਨਾਲ ਪਿਆਰ ਦੀ ਤਾਂ ਉਹ ਅੱਜ ਵੀ ਹੈ। ਬਸ ਸਾਂਝਾ ਕਰਨਾ ਵੱਸ ਵਿੱਚ ਨਹੀਂ। ਹੁਣ ਆਪ ਮੁਆਫ ਕਰੋ ਜਾਂ ਸ਼ਿਕਵੇ ਸਭ ਕਬੂਲ ਨੇ। ਬਸ ਇਹੀ ਕਹਾਂਗੀ, ਧੰਨਵਾਦ ਸੱਜਣਾ ਮੇਰੀ ਜਿੰਦਗੀ ਵਿੱਚ ਕੁਝ ਖੁਸ਼ੀਆਂ ਭਰਨ ਲਈ ਜਿੰਨ੍ਹਾਂ ਨਾਲ ਆਪਣੀ ਜਿੰਦਗੀ ਕੱਟ ਸਕਾਂਗੀ। ਹਾਂ ਸੱਚ ਇਹ ਘੜੀ ਬੰਦ ਹੈ ਤੇ ਇਸ ਨੂੰ ਵਕਤ ਵੇਖਣ ਲਈ ਨਾ ਵਰਤਣਾ ਕਿਉਂਕਿ ਮੈਂ ਨਹੀਂ ਚਾਹੁੰਦੀ ਕਿ ਇਸਦਾ ਰੁਕਿਆ ਸਮਾਂ ਮੁੜ ਤੋਂ ਚੱਲੇ ਤੇ ਮੇਰੇ ਲਈ ਵਕਤ ਨਾਲ ਬਦਲਣਾ ਔਖਾ ਹੋ ਜਾਵੇ। ਬਾਕੀ ਆਪਦੀ ਜੋ ਇੱਛਾ ਸੋ ਕਰਨਾ ਤੇ ਇਸ ਬੇਵਫਾ ਨੂੰ ਮੁਆਫ ਕਰਨ ਦੀ ਕੋਸ਼ਿਸ ਕਰਨਾ। ਧੰਨਵਾਦ।

ਸਾਵਣ।"

ਮੈਂ ਚਿੱਠੀ ਪੜ ਬੜੇ ਚਿਰ ਤੱਕ ਸ਼ਾਂਤ ਬੈਠਾ ਰਿਹਾ। ਮਨ ਬਹੁਤ ਭਰ ਚੁੱਕਾ ਸੀ। ਬੜੇ ਜ਼ੋਰ ਨਾਲ ਹੰਝੂਆਂ ਨੂੰ ਰੋਕਣ ਦਾ ਯਤਨ ਕਰ ਰਿਹਾ ਸੀ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੋ ਰਿਹਾ ਸੀ ਕਿ ਸਾਵਣ ਨਾਲ ਮੁੜ ਤੋਂ ਮਿਲਣ ਦੀ ਆਸ ਟੁੱਟ ਚੁੱਕੀ ਜਾਪਦੀ ਸੀ।

ਮੈਂ ਘੜੀ ਨੂੰ ਸਭ ਦੀਆਂ ਨਜਰਾਂ ਤੋਂ ਦੂਰ ਸਾਂਭ ਕੇ ਰੱਖ ਦਿੱਤਾ ਤੇ ਘਰ ਦੇ ਕੰਮਾਂ ਕਾਰਾਂ ਵਿੱਚ ਵਿਅਸਤ ਹੋ ਗਿਆ। ਬੜੇ ਦਿਨ ਬੀਤ ਗਏ। ਮੈਂ ਕਦੇ ਵੀ ਸਾਵਣ ਨਾਲ ਮੁੜ ਰਿਸ਼ਤਾ ਜੋੜਨ ਦੀ ਕੋਸ਼ਿਸ ਨਹੀਂ ਕੀਤੀ। ਪਰ ਉਸ ਤਰਫ ਖਿੱਚ ਹਮੇਸ਼ਾ ਰਹਿੰਦੀ। ਸਾਵਣ ਦੇ ਦੂਰ ਹੋਣ ਦਾ ਪ੍ਰਭਾਵ ਮੇਰੇ ਤੇ ਪੈਣ ਲੱਗਾ। ਜਿਸ ਕਾਰਨ ਮੈਂ ਕਈ ਕਵਿਤਾਵਾਂ ਤੇ ਸ਼ਇਰੀ ਉਸ ਲਈ ਲਿਖਦਾ। ਕਈ ਵਾਰ ਉਸ ਨੂੰ ਬੇ ਵਫਾ ਲਿਖਦਾ ਤੇ ਕਈ ਵਾਰ ਖੁੱਦ ਨੂੰ। ਇਹ ਕਵਿਤਾ ਮੈਨੂੰ ਖਾਸੀ ਪਸੰਦ ਹੈ।..

ਮੈਂ ਓਹੀ ਮੁਸਾਫਰ ਹਾਂ,

ਜੋ ਤੇਰੇ ਕੱਲਿਆਂ ਤੇ ਸੰਜੋਗੀ ਸੀ,

ਦੁੱਖ ਵੰਡਣੇ ਤੇ ਭੋਗੀ ਸੀ,

ਚਿੰਤਾ ਹਰਣ ਦਾ ਯੋਗੀ ਸੀ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਵੇ ਸੱਜਣਾ ਹੁਣ ਤੈਨੂੰ ਯਾਦ ਨਹੀਂ,

ਕੋਣ ਹਾਂ ਮੈਂ ਤੇਰੇ ਲਈ,

ਵੇ ਸੱਜਣਾ ਤੂੰ ਭੁੱਲ ਗਿਆ ਏ,

ਕੀ ਰਿਸ਼ਤੇ ਤੋੜੇ ਮੇਰੇ ਲਈ,

ਕਿੰਨੇ ਵਾਦੇ ਕੀਤੇ ਕਸਮਾਂ ਖਾਧੀਆਂ,

ਕੀ ਕੀ ਪਾਪੜ ਵੇਲੇ ਸੀ,

ਪਲਾਂ ਵਿੱਚ ਹੀ ਭੁੱਲ ਗਿਆ ਏ,

ਕਦਰ ਕੀ ਪੈਣੀ ਧੇਲੇ ਸੀ,

ਯਾਦ ਰੱਖੀਂ ਕਿਤੇ ਭੁੱਲੀ ਨਾ,

ਮੈਂ ਓਹੀ ਕਾਫ਼ਿਰ ਹਾਂ,

ਮੈਂ ਓਹੀ ਮੁਸਾਫ਼ਿਰ ਹਾਂ..

ਮੈਂ ਓਹੀ ਮੁਸਾਫ਼ਿਰ ਹਾਂ..

ਵੇ ਸੱਜਣਾ ਤੇਰਾ ਬੁਝਿਆ ਦੀਵਾ ਵੀ,

ਉਹ ਰੋਸ਼ਨ ਮੈਂ ਕੀਤਾ,

ਵੇ ਸੱਜਣਾ ਤੇਰੇ ਡੂੰਘਿਆਂ ਫੱਟੜਾ ਨੂੰ,

ਹਲੀਮੀ ਨਾਲ ਮੈਂ ਸੀਤਾ,

ਰੂਹ ਤਨ ਦੀ ਪਿਆਸ ਤੇਰੀ ਮਿੱਟ ਜਾਵੇ,

ਮੈਂ ਮਨ ਰੋਗ ਦੇ ਹੰਢਾਏ ਨੇ,

ਤੂੰ ਮਹਿਕੇ ਰਾਤ ਦੀ ਰਾਣੀ ਬਣ,

ਦਿਨ ਦੇ ਦੁੱਖ ਵੰਡਾਏ ਨੇ,

ਤੇਰਾ ਹਮਰਾਹੀ ਬਣਨੇ ਤੇ,

ਮੈਂ ਤਦ ਵੀ ਜਾਫਰ ਹਾਂ,

ਮੈਂ ਓਹੀ ਮੁਸਾਫ਼ਿਰ ਹਾਂ..

ਮੈਂ ਓਹੀ ਮੁਸਾਫ਼ਿਰ ਹਾਂ..

ਵੇ ਸੱਜਣਾ ਹੁਣ ਮੁੜਿਆ ਵੇ,

ਬਿਨ ਤੇਰੇ ਚਿੱਤ ਲੱਗਦਾ ਨੀ,

ਵੇ ਸੱਜਣਾ ਮੈਂ ਦਰਿਆ ਬਣਾ,

ਤੂੰ ਪਾਣੀ ਬਣ ਕੇ ਵਗਦਾ ਨੀ,

ਜਿੰਦ ਨਾ ਮੁੱਕ ਜੇ ਇਹੀ ਸੋਚਾਂ,

ਮੁੜ ਮਿਲਣਾ ਪਤਾ ਨੀ ਹੋਵੇਗਾ,

ਜੇ ਮੁੜ ਮਿਲਜੇ ਤਾਂ ਜਿੰਦ ਤੇਰੇ ਲੇਖੇ,

ਰੱਬ ਉਡੀਕਾਂ ਕਰਦਾ ਰੋਵੇਗਾ,

ਤੇਰੀ ਨਿਗਾ ਚ' ਸੱਜਣ ਤੇ,

ਮੈਂ ਉਸਦੀ ਨਿਗਾ ਚ' ਕਾਫਿਰ ਹਾਂ,

ਮੈਂ ਓਹੀ ਮੁਸਾਫਿਰ ਹਾਂ,

ਮੈਂ ਓਹੀ ਮੁਸਾਫਿਰ ਹਾਂ,

ਜੋ ਤੇਰੇ ਕੱਲਿਆਂ ਤੇ ਸੰਜੋਗੀ ਸੀ,

ਦੁੱਖ ਵੰਡਣੇ ਤੇ ਭੋਗੀ ਸੀ,

ਚਿੰਤਾ ਹਰਣ ਦਾ ਯੋਗੀ ਸੀ,

ਮੈਂ ਓਹੀ ਮੁਸਾਫਿਰ ਹਾਂ..

ਮੈਂ ਓਹੀ ਮੁਸਾਫਿਰ ਹਾਂ..

ਕਵਿਤਾਂਵਾਂ ਲਿਖਣਾ ਮੇਰਾ ਪੇਸ਼ਾ ਬਣਦਾ ਗਿਆ। ਮੈਂ ਫੇਸਬੁੱਕ ਤੇ ਹੋਰ ਸਮਾਜਿਕ ਖੇਤਰਾਂ ਵਿੱਚ ਆਪਣੀ ਕਵਿਤਾਵਾਂ ਤੇ ਸ਼ਇਰੀ ਭੇਜਦਾ ਰਹਿੰਦਾ ਜਿਸ ਕਾਰਨ ਉਹ ਲੋਕਾਂ ਨੂੰ ਪਸੰਦ ਆਉਣ ਲੱਗੀਆਂ। ਮੇਰੀਆਂ ਕਈ ਕਵਿਤਾਵਾਂ ਅਖਬਾਰਾਂ ਵਿੱਚ ਵੀ ਛਪਦੀਆਂ। ਸਮਾਂ ਬੀਤਦਾ ਗਿਆ ਤੇ ਮੈਂ ਸਾਵਣ ਦੇ ਪਿਆਰ ਦੀ ਓਟ ਲੈ ਲਿਖਦਾ ਰਿਹਾ। ਫਿਰ ਇੱਕ ਦਿਨ ਮੈਂ ਸੋਚਿਆ ਕਿ ਕਿਉਂ ਨਾ ਸਾਵਣ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਜਾਵੇ। ਕੋਸ਼ਿਸ਼ ਕਰਨ ਵਿੱਚ ਕੀ ਹਰਜ ਹੈ। ਜਿਆਦਾ ਤੋਂ ਜਿਆਦਾ ਮੁਆਫੀ ਮੰਗ ਲਵਾਂਗਾ। ਹੋਰ ਇਸ ਤੋਂ ਵੱਧ ਕੀ ਹੋ ਸਕਦਾ। ਮੈਂ ਉਸਦੇ ਓਹੀ ਫੇਸਬੁੱਕ ਖਾਤੇ ਤੇ ਸੰਦੇਸ਼ ਕੀਤਾ ਜਿਸ ਤੋਂ ਉਸਨੇ ਆਖਰੀ ਵਾਰ ਗੱਲਬਾਤ ਕੀਤੀ ਸੀ। ਮੈਂ ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ ਸੰਦੇਸ਼ ਭੇਜਿਆ..

ਮੈਂ ਯਾਦ ਕਰਦਾ ਹਾਂ,

ਤੇਰੇ ਹੱਥ ਦੀਆਂ ਨਰਮਾਈਆਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਲਬਾਂ ਦੀਆਂ ਗਰਮਾਈਆਂ ਨੂੰ,

ਮੈ ਯਾਦ ਕਰਦਾ ਹਾਂ,

ਜੋ ਤੂੰ ਮਨ ਤਨ ਰੋਸ਼ਨ ਕੀਤਾ ਸੀ,

ਮੈਂ ਯਾਦ ਕਰਦਾ ਹਾਂ,

ਜੋ ਤੇਰੇ ਹੁਸਨ ਦਾ ਜਾਮ ਪੀਤਾ ਸੀ,

ਮੈਂ ਯਾਦ ਕਰਦਾ ਹਾਂ,

ਉਹ ਕਵਿਤਾਵਾਂ ਜੋ ਤੇਰੇ ਤੇ ਲਿਖੀਆਂ ਨੇ,

ਮੈਂ ਯਾਦ ਕਰਦਾ ਹਾਂ,

ਜੋ ਅੰਦਰ ਦੀਆਂ ਗੱਲਾਂ ਵਿਕੀਆਂ ਨੇ,

ਮੈਂ ਯਾਦ ਕਰਦਾ ਹਾਂ,

ਤੇਰੀ ਅਣਭੋਲੀ ਸੂਰਤ ਨੂੰ,

ਮੈਂ ਯਾਦ ਕਰਦਾ ਹਾਂ,

ਗਮਾਂ ਚੋ' ਉੱਭਰੀ ਮੂਰਤ ਨੂੰ,

ਮੈਂ ਯਾਦ ਕਰਦਾ ਹਾਂ,

ਅੱਖੀਆਂ ਦੀ ਰੋਣਕ ਠੰਢੀ ਨੂੰ,

ਮੈਂ ਯਾਦ ਕਰਦਾ ਹਾਂ,

ਵਾਲਾਂ ਵਿੱਚ ਪਾਈ ਵੰਡੀ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਤਨ ਦੇ ਉੱਭਰੇ ਹਿੱਸਿਆਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਨਾਲ ਹੰਢਾਏ ਕਿੱਸਿਆਂ ਨੂੰ,

ਮੈਂ ਯਾਦ ਕਰਦਾ ਹਾਂ,

ਦੋ ਜਿਸਮਾਂ ਦੀ ਮੁਲਾਕਾਤ ਨੂੰ,

ਮੈਂ ਯਾਦ ਕਰਦਾ ਹਾਂ,

ਮੇਰੀ ਝੋਲੀ ਪਈ ਖੈਰਾਤ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਤਨ ਦੀ ਜੋ ਖੁਸ਼ਬੋਈ ਸੀ,

ਮੈਂ ਯਾਦ ਕਰਦਾ ਹਾਂ,

ਇੱਕ ਵਾਰ ਜੋ ਮੇਰੀ ਹੋਈ ਸੀ,

ਮੈਂ ਯਾਦ ਕਰਦਾ ਹਾਂ,

ਮੇਰੇ ਦਿਲ ਤੇ ਛਪੀਆਂ ਲੀਕਾਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੇ ਲਈ ਕੀਤੀਆਂ ਉਡੀਕਾਂ ਨੂੰ,

ਮੈਂ ਯਾਦ ਕਰਦਾ ਹਾਂ,

ਤੇਰੀ ਛੁਪੇ ਗਮਾਂ ਤੇ ਆਈ ਮੁਸਕਾਨ ਨੂੰ,

ਮੈਂ ਯਾਦ ਕਰਦਾ ਹਾਂ,

ਮੇਰੇ ਹੋਏ ਇਸ ਨੁਕਸਾਨ ਨੂੰ,

ਮੈਂ ਯਾਦ ਕਰਦਾ ਹਾਂ,

ਹਰ ਉਹ ਘੜੀ ਜੋ ਬੀਤ ਗਈ,

ਮੈਂ ਯਾਦ ਕਰਦਾ ਹਾਂ,

ਮਨ ਮੇਰੇ ਨੂੰ ਜੋ ਸੀਤ ਗਈ,

ਮੈਂ ਯਾਦ ਕਰਦਾ ਹਾਂ..

ਬਸ ਮੈਂ ਯਾਦ ਕਰਦਾ ਹਾਂ..

ਇਹ ਲਿੱਖ ਮੈਂ ਸੰਦੇਸ਼ ਭੇਜ ਦਿੱਤਾ ਤੇ ਸਾਵਣ ਦੇ ਸੰਦੇਸ਼ ਦੀ ਉਡੀਕ ਕਰਨ ਲੱਗਾ। ਕਰੀਬ ਪੰਦਰਾਂ-ਵੀਹ ਮਿੰਟ ਤੱਕ ਕੋਈ ਸੰਦੇਸ਼ ਨਾ ਆਇਆ। ਮੈਂ ਫੋਨ ਹੱਥ ਵਿੱਚ ਫੜੀ ਬੈਠਾ ਬਾਰ-ਬਾਰ ਫੋਨ ਨੂੰ ਜਗਾ-ਜਗਾ ਦੇਖਦਾ ਪਰ ਕੋਈ ਸੰਦੇਸ਼ ਨਾ ਆਇਆ। ਮੈਂ ਫੋਨ ਇੱਕ ਪਾਸੇ ਰੱਖ ਘਰ ਦੇ ਕੰਮ ਕਾਰ ਕਰਨ ਲੱਗਾ ਪਰ ਧਿਆਨ ਫੋਨ ਵਿੱਚ ਹੀ ਰੱਖਿਆ ਕਿ ਜੁਆਬ ਆਵੇਗਾ। ਪਰ ਕਈ ਘੰਟੇ ਤੇ ਫਿਰ ਦਿਨ ਬੀਤ ਗਏ ਕੋਈ ਜੁਆਬ ਨਾ ਆਇਆ। ਇੱਥੋਂ ਤੱਕ ਕਿ ਉਸ ਨੇ ਸੰਦੇਸ਼ ਦੇਖਿਆ ਤੱਕ ਵੀ ਨਹੀਂ। ਮੈਂ ਬੜਾ ਦੁੱਖੀ ਤੇ ਵਿਚਾਰਾ ਮਹਿਸੂਸ ਕੀਤਾ ਕਿ ਇਹ ਤਾਂ ਮੈਂ ਸੋਚਿਆਂ ਨਹੀਂ ਸੀ। ਸਮਝ ਨਹੀਂ ਸੀ ਆ ਰਹੀ ਕਿ ਕੀ ਕਰਾਂ। ਕੋਈ ਹੱਲ ਵੀ ਨਹੀਂ ਸੀ। ਨਿਰਾਸ਼ਾ ਕਾਰਨ ਮੈਂ ਦਿਮਾਗੀ ਸੰਤੁਲਨ ਗਵਾਉਣ ਲੱਗਾ। ਕਿਸੇ ਨੇ ਕੋਈ ਖੁਸ਼ੀ ਦੀ ਖਬਰ ਸੁਣਾਉਣੀ ਜਾਂ ਕਿਤੇ ਖੁਸ਼ੀ ਦੇ ਮੌਕੇ ਤੇ ਜਾਣਾ ਹੋਵੇ ਮੈਨੂੰ ਬਿਲਕੁਲ ਵੀ ਖੁਸ਼ੀ ਮਹਿਸੂਸ ਨਾ ਹੋਣੀ। ਦਿਖਾਵੇ ਵਜੋਂ ਚਿਹਰੇ ਤੇ ਮੁਸਕਾਨ ਰੱਖਣੀ ਪਰ ਅਫਸੋਸ ਮਨ ਬਿਲਕੁਲ ਅਸਾਂਤ ਰਹਿੰਦਾ। ਕਰੀਬ ਇੱਕ ਮਹੀਨਾ ਬੀਤ ਗਿਆ। ਮੈਂ ਫੇਸਬੁੱਕ ਖੋਲ ਕੇ ਦੇਖੀ ਤਾਂ ਸਾਵਣ ਨੇ ਸੰਦੇਸ਼ ਪੜ ਲਿਆ ਸੀ। ਮੈਨੂੰ ਪਤਾ ਲੱਗ ਗਿਆ। ਮੇਰੇ ਮਨ ਅੰਦਰ ਚਾਅ ਚੜ ਗਿਆ। ਬੜੀ ਖੁਸ਼ੀ ਮਹਿਸੂਸ ਹੋਈ। ਪਰ ਅਜੇ ਉਸਨੇ ਕੋਈ ਜੁਆਬ ਨਹੀਂ ਸੀ ਦਿੱਤਾ। ਮੈਂ ਫੋਨ ਹੱਥ ਵਿੱਚ ਫੜ, ਫੇਸਬੁੱਕ ਖੋਲ ਉਡੀਕ ਕਰਨ ਲੱਗਾ। ਅਚਾਨਕ ਉਸੇ ਖਾਤੇ ਤੋਂ ਲਿਖਣ ਦੇ ਨਿਸ਼ਾਨ ਆਉਣ ਲੱਗੇ। ਮੇਰੀ ਤਾਂਘ ਹੋਰ ਵਧਣ ਲੱਗੀ। ਕਰੀਬ ਦਸ ਮਿੰਟ ਤੋਂ ਬਾਅਦ ਸੰਦੇਸ਼ ਆਇਆ..

ਮੇਰਾ ਇੱਕ ਪੱਖ ਤੂੰ ਵੇਖ ਰਿਹਾ,

ਮੈਂ ਦੋ ਬੇੜੀਆਂ ਵਿੱਚ ਫਸੀ ਪਈ,

ਨਾ ਏਧਰ ਦੀ ਨਾ ਓਧਰ ਦੀ,

ਇੱਕ ਥਾਂ ਰਹਿਣ ਦੇ ਵਸੀ ਪਈ,

ਜੇ ਤੇਰੇ ਕੋਲ ਮੈਂ ਆਵਾਂ,

ਮੈਂ ਤਦ ਵੀ ਬੇ ਵਫਾ,

ਜੇ ਓਧਰ ਵੀ ਮੈਂ ਜਾਵਾਂ,

ਮੈਂ ਤੱਦ ਵੀ ਬੇ ਵਫਾ,

ਮੈਂ ਨੀ ਤੇਰੇ ਨਸੀਬ ਵਿੱਚ,

ਤੂੰ ਕੋਈ ਹੋਰ ਚਾਖ ਲੈ,

ਹੁਣ ਭਾਵੇਂ ਤੂੰ ਮੈਨੂੰ,

ਬੇਇਮਾਨ ਆਖ ਲੈ..

ਹੁਣ ਭਾਵੇਂ ਤੂੰ ਮੈਨੂੰ,

ਬੇਇਮਾਨ ਆਖ ਲੈ..

ਸੰਦੁਸ਼ ਪੜ ਮੈਂ ਮੁੜ ਤੋਂ ਨਿਰਾਸ਼ ਹੋ ਗਿਆ, ਪਰ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਸੀ ਕਿ ਸਾਵਣ ਦਾ ਸੰਦੇਸ਼ ਆਇਆ ਹੈ। ਭਾਵੇਂ ਇਨਕਾਰ ਭਰਿਆ ਹੀ ਸਹੀ। ਮੈਂ ਕੁਝ ਦੇਰ ਸੋਚਿਆ ਤੇ ਜੁਆਬ ਵਿੱਚ ਲਿਖਿਆ..

ਬੇਇਮਾਨ ਸ਼ਬਦ ਨਾ ਕਹਿ ਆਪ ਨੂੰ,

ਉਹ ਮੇਰੇ ਲਈ ਹੀ ਰਹਿਣ ਦੇ,

ਉਲਝ ਨਾ ਦੋ ਪਾਸੀ ਰਿਸ਼ਤਿਆਂ ਚ',

ਬਸ ਮੈਨੂੰ ਆਪਣਾ ਕਹਿਣ ਦੇ,

ਕਿਉਂ ਅਤਰੰਗੀ ਮਹਿਫਲ ਸਮਝੇ,

ਮੇਰੇ ਦਿਲ ਦੇ ਜ਼ਜਬਾਤਾਂ ਨੂੰ,

ਇੱਕ ਵਾਰ ਮੇਰੇ ਜੀਵਨ ਵਿੱਚ ਮੁੜ ਆ,

ਨਿਬੜਨ ਦੇ ਸਭ ਹਲਾਤਾਂ ਨੂੰ।

ਜੁਆਬ ਆਇਆ..

ਕਿਉਂ ਮੇਰੀ ਮਿੱਟੀ ਪਲੀਤ ਕਰਨੇ ਦਾ ਤੈਨੂੰ ਚਾਓ ਏ,

ਕੀ ਵੱਸਦੀ ਮੈਂ ਚੰਗੀ ਨੀ ਲੱਗਦੀ?

ਮੈਂ ਜੁਆਬ ਦਿੱਤਾ..

ਮੇਰੇ ਬਿਨਾਂ ਤੇਰਾ ਵੱਸਣਾ ਕਾਹਦਾ,

ਐਵੇਂ ਦੇਂਦੀ ਦਿਲ ਨੂੰ ਦਿਲਾਸੇ ਤੂੰ,

ਸ਼ਹਿਦ ਮਿੱਠਾ ਤੈਨੂੰ ਹਜਮ ਨੀ ਹੁੰਦਾ,

ਖਾਂਵੇ ਲੂਣ ਪਤਾਸੇ ਤੂੰ।

ਜੁਆਬ ਆਇਆ..

ਮੇਰੇ ਕਰਮਾਂ ਚਾ' ਲੂਣ ਦੇ ਪਤਾਸੇ ਹੀ ਲਿਖੇ ਨੇ।

ਮੈਂ ਜੁਆਬ ਦਿੱਤਾ..

www.PunjabiLibrary.com

ਇਨਸਾਨੀ ਸਰੀਰ ਕਰਮ ਤੇ ਭੋਗ ਜੂਨ ਹੈ, ਇਸ ਵਿੱਚ ਕਰਮ ਭੋਗਣ ਦੇ ਨਾਲ-ਨਾਲ ਬਣਾਉਣੇ ਵੀ ਪੈਂਦੇ ਨੇ। ਇਸ ਲਈ ਕਰਮਾਂ ਨੂੰ ਦੋਸ਼ ਦੇਣਾ ਕਾਇਰਤਾ ਹੈ।

ਜੁਆਬ ਆਇਆ..

ਤੁਸੀਂ ਚਾਹੁੰਦੇ ਕੀ ਹੋ ਮੇਰੇ ਤੋਂ?

ਮੈਂ ਜੁਆਬ ਦਿੱਤਾ..

ਤੈਨੂੰ ਚਾਹੁੰਦਾ ਹਾਂ ਮੈਂ। ਬਸ ਤੈਨੂੰ।

ਜੁਆਬ ਆਇਆ..

ਏਦਾਂ ਨਾ ਕਰੋ। ਮੈਨੂੰ ਜਿਉਣ ਜੋਗੀ ਰਹਿਣ ਦਿਉ। ਮੈਂ ਨਹੀਂ ਚਾਹੁੰਦੀ ਤੁਹਾਡੇ ਨਾਲ ਗੱਲ ਕਰਨੀ। ਮੈਂ ਖੁਸ਼ ਹਾਂ ਆਪਣੇ ਘਰ ਵਾਲੇ ਤੇ ਬੇਟੀ ਨਾਲ।

ਮੈਂ ਜੁਆਬ ਦਿੱਤਾ..

ਜੇ ਤੂੰ ਗੱਲ ਨਾ ਕਰਨੀ ਹੁੰਦੀ ਤਾਂ ਮੇਰਾ ਜੁਆਬ ਨਹੀਂ ਸੀ ਦੇਣਾ ਤੂੰ, ਇਹ ਤਾਂ ਬੱਸ ਹੁਣ ਤੂੰ ਨਖਰੇ ਕਰ ਰਹੀ ਏ। ਠੀਕ ਆ, ਤੂੰ ਰਹਿ ਖੁਸ਼। ਪਰ ਮੇਰੀ ਖੁਸ਼ੀ ਵੀ ਤਾਂ ਮੈਨੂੰ ਦੇਹ। ਕਿਉਂ ਦੂਰ ਭੱਜਦੀ ਏਂ?

ਜੁਆਬ ਆਇਆ..

ਪ੍ਰੀਤ ਸਮਝੋ ਯਾਰ ਮੇਰੀ ਮਜਬੂਰੀ। ਮੈਂ ਹੁਣ ਅੱਗੇ ਨਹੀਂ ਵਧ ਸਕਦੀ। ਮੈਨੂੰ ਭੁੱਲ ਜਾਵੋ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਭੁੱਲ ਜਾਵਾਂਗਾ ਪਰ ਮੈਂ ਇੱਕ ਵਾਰ ਤੈਨੂੰ ਮਿਲਣਾ ਹੈ। ਬਸ ਇੱਕ ਵਾਰ।

ਜੁਆਬ ਆਇਆ..

ਆ ਗਏ ਨਾ ਮੁੱਦੇ ਦੀ ਗੱਲ ਤੇ। ਮੇਰੇ ਨਾਲ ਪਿਆਰ ਨਹੀਂ ਆ ਤੁਹਾਨੂੰ ਬਸ ਮਿਲਣ ਦੀ ਖਵਾਇਸ਼ ਆ। ਜਿਸਮ ਦੀ ਅੱਗ ਨੂੰ ਮਿਟਾਉਣਾ ਏ ਬੱਸ। ਮੈਂ ਨਹੀਂ ਮਿਲਣਾ ਚਾਹੁੰਦੀ।

ਮੈਂ ਜੁਆਬ ਦਿੱਤਾ..

ਤੂੰ ਆਪਣੇ ਆਪ ਹੀ ਸਿਆਣੀ ਬਣ ਰਹੀ ਏ। ਮਿਲਣਾ ਸਿਰਫ ਇੱਕ ਤਰ੍ਹਾਂ ਦਾ ਹੀ ਨਹੀਂ ਹੁੰਦਾ। ਮੈਂ ਬਸ ਤੈਨੂੰ ਦੇਖਣਾ ਚਾਹੁੰਦਾ ਹਾਂ। ਜੇ ਮੈਨੂੰ ਤੂੰ ਖੁਸ਼ ਦਿਸੀ ਮੈਂ ਮੁੜ ਕਦੇ ਤੈਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕਰਾਂਗਾਂ। ਬਸ ਇੱਕ ਵਾਰ ਮਿਲ ਲੈ।

ਜੁਆਬ ਆਇਆ..

ਮੈਂ ਕਿਵੇ ਯਕੀਨ ਕਰਾਂ? ਕਿ ਗੱਲ ਅੱਗੇ ਨਹੀਂ ਵਧੇਗੀ।

ਮੈਂ ਜੁਆਬ ਦਿੱਤਾ..

ਹੁਣ ਤੈਨੂੰ ਕਿਵੇਂ ਯਕੀਨ ਕਰਾਵਾਂ ਖੁੱਦ ਤੇ। ਅਗਰ ਤੂੰ ਮੈਨੂੰ ਕਦੇ ਪਿਆਰ ਕੀਤਾ ਹੈ ਤਾਂ ਯਕੀਨ ਰੱਖ ਨਹੀਂ ਤਾਂ ਤੇਰੀ ਮਰਜੀ।

ਜੁਆਬ ਆਇਆ..

ਠੀਕ ਹੈ। ਮੈਂ ਮਿਲਾਂਗੀ। ਪਰ ਬਸ ਇਹ ਆਖਰੀ ਵਾਰ ਹੋਵੇਗਾ। ਇਸ ਤੋਂ ਬਾਅਦ ਨਾ ਤੁਸੀਂ ਮੈਨੂੰ ਮਿਲਣ ਦੀ ਕੋਸ਼ਿਸ਼ ਕਰੋਗੇ ਨਾ ਹੀ ਗੱਲ ਕਰਨ ਦੀ।

ਮੈਂ ਜੁਆਬ ਦਿੱਤਾ..

ਮੈਨੂੰ ਮੰਜ਼ੂਰ ਹੈ। ਦੱਸ ਕਿੱਥੇ ਮਿਲੇਗੀਂ?

ਜੁਆਬ ਆਇਆ..

ਤੁਸੀਂ ਜਾਣਦੇ ਹੋ।

ਮੈਂ ਜੁਆਬ ਦਿੱਤਾ..

ਕਦੋਂ?

ਜੁਆਬ ਆਇਆ।

ਕੱਲ ਹੀ। ਮੈਂ ਇਸ ਉਲਝਣ ਨੂੰ ਛੇਤੀ ਮੁਕਾਉਣਾ ਚਾਹੁੰਦੀ ਹਾਂ।

ਮੈਂ ਜੁਆਬ ਦਿੱਤਾ..

ਦੇਖੀਂ ਕਿਤੇ ਮੈਂ ਉਡੀਕਦਾ ਹੀ ਨਾ ਰਹਿ ਜਾਵਾਂ।

ਜੁਆਬ ਆਇਆ..

ਮੈਂ ਲਾਰੇ ਨਹੀਂ ਲਾਉਂਦੀ। ਜਾਣਦੇ ਹੋ ਆਪ। ਜੋ ਗੱਲ ਹੈ ਸਾਫ ਹੈ।

ਮੈਂ ਜੁਆਬ ਦਿੱਤਾ..

ਜਾਣਦਾ ਹਾਂ ਮੈਂ। ਮੈਨੂੰ ਤੂੰ, ਤੂੰ ਘੱਟ ਤੇ ਮੈਂ ਜਿਆਦਾ ਜਾਪਦੀ ਏ। ਮੈਂ ਤਾਂ ਤੇਰਾ ਨੰਬਰ ਵੀ ਅੱਜ ਤੱਕ "ਬਸ ਮੈਂ" ਨਾਂ ਤੇ ਰੱਖਿਅਤ ਕੀਤਾ ਹੈ। ਤੇਰੇ ਨਾਮ ਦੀ ਯਾਦ ਵਿੱਚ ਇੱਕ ਨਿੱਕਾ ਜਿਆ ਸ਼ੇਅਰ ਵੀ ਲਿਖਿਆ ਸੀ। ਜੋ ਇਸ ਤਰ੍ਹਾਂ ਹੈ..

"ਬਸ ਮੈਂ,

ਮੇਰਾ ਹੀ ਇੱਕ ਪਰਛਾਵਾਂ ਮੈਂ,

ਜਿਉਂ ਖੁਦ ਨਾਲ ਗੱਲਾਂ ਕਰਦਾ ਹਾਂ,

ਆਪਣਾ ਆਪ ਸਮਝਾਵਾਂ ਮੈਂ,

ਕਿਸੇ ਭੁਲੇਖੇ ਸਾਵਣ ਦੇ,

ਦਿਲ ਦਾ ਹਾਲ ਸੁਣਾਵਾਂ ਮੈਂ,

ਸਾਵਣ ਬਣ ਜੇ ਵਰ ਜਾਵੇਂ,

ਮੈਂ ਚੋ' ਮੈਂ ਭੁਲਾਵਾਂ ਮੈਂ।

ਜੁਆਬ ਆਇਆ..

ਠੀਕ ਆ। ਚੰਗਾ ਕੱਲ ਮਿਲਦੇ ਹਾਂ। ਸਮੇਂ ਸਿਰ ਆ ਜਾਇਓ।

ਮੈਂ ਠੀਕ ਹੈ ਦਾ ਜੁਆਬ ਦੇ ਫੇਸਬੁੱਕ ਬੰਦ ਕਰ ਦਿੱਤੀ। ਤੇ ਸਾਵਣ ਨੂੰ ਮਿਲਣ ਦੀ ਤਿਆਰੀ ਵਿੱਚ ਲੱਗ ਗਿਆ। ਸਭ ਤੋਂ ਪਹਿਲਾਂ ਮੈਂ ਸਾਵਣ ਵਾਲੀ ਘੜੀ ਕੱਢੀ ਤੇ ਉਸਦਾ ਸਮਾਂ ਠੀਕ ਕਰ ਮੁੜ ਤੋਂ ਚਾਲੂ ਕਰ ਦਿੱਤੀ। ਉਹ ਬਿਲਕੁਲ ਠੀਕ ਚੱਲਣ ਲੱਗੀ। ਮੈਂ ਸੋਚਿਆ ਕਿ ਸਾਵਣ ਮੰਨੇ ਜਾਂ ਨਾ ਮੰਨੇ ਪਰ ਇਹ ਘੜੀ ਮੈਂ ਉਸਦੇ ਲਈ ਹੀ ਲਈ ਸੀ ਤੇ ਉਸਨੂੰ ਹੀ ਵਾਪਿਸ ਕਰਾਗਾਂ। ਉਸ ਰਾਤ ਮੈਂ ਅੱਧ-ਪਚੱਧੀ ਰੋਟੀ ਖਾਧੀ ਤੇ ਜਲਦੀ ਨਾਲ ਸੌਣ ਦੀ ਕੋਸ਼ਿਸ਼ ਕੀਤੀ। ਤਾਂ ਜੋ ਰਾਤ ਜਲਦੀ ਬੀਤ ਜਾਵੇ ਤੇ ਸਵੇਰ ਦਾ ਪਤਾ ਹੀ ਨਾ ਲੱਗੇ ਕਦੋਂ ਚੜ ਗਈ। ਪਰ ਜਲਦੀ ਨੀਂਦ ਨਾ ਆਈ। ਅਕਸਰ ਏਦਾਂ ਹੁੰਦਾ ਹੈ ਜਦੋਂ ਇਨਸਾਨ ਨੂੰ ਸੌਣ ਦੀ ਕਾਹਲੀ ਹੋਵੇ ਨੀਂਦ ਆਉਣ ਵਿੱਚ ਵਕਤ ਲੱਗਦਾ ਹੈ। ਖੈਰ ਮੈਨੂੰ ਗਿਆਰਾਂ ਵਜੇ ਕਰੀਬ ਨੀਂਦ ਆਈ। ਸਵੇਰੇ ਜਲਦੀ ਉੱਠਿਆ, ਨਹਾਂ ਧੋ, ਭੋਜਨ ਛੱਕ ਤਿਆਰ ਹੋਇਆ ਤੇ ਸਾਵਣ ਨੂੰ ਮਿਲਣ ਲਈ ਚੱਲ ਪਿਆ। ਕਰੀਬ ਨੌ ਵਜੇ ਮੈਂ ਓਹੀ ਥਾਂ ਤੇ ਅੱਪੜ ਗਿਆਂ ਜਿੱਥੇ ਪਹਿਲਾਂ ਵੀ ਮੈਂ ਸਾਵਣ ਨੂੰ ਮਿਲ ਚੁੱਕਾ ਸਾਂ। ਮੈਨੂੰ ਲੱਗਿਆ ਕਿ ਮੈਂ ਕੁਝ ਜਿਆਦਾ ਜਲਦੀ ਹੀ ਆ ਗਿਆ। ਖੈਰ ਮੇਰੇ ਕੋਲ ਉਡੀਕ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੈਂ ਉਡੀਕ ਕਰਨ ਲੱਗਾ। ਕਦੇ ਉੱਠਦਾ, ਕਦੇ ਬੈਠਦਾ, ਕਦੇ ਏਧਰ-ਓਧਰ ਦੇਖਦਾ ਪਰ ਸਾਵਣ ਨਜ਼ਰ ਨਾ ਆਉਂਦੀ। ਹੌਲੀ-ਹੌਲੀ ਉਹ ਥਾਂ ਭਰਨ ਲੱਗੀ। ਸਾਢੇ ਦੱਸ ਵਜੇ ਦੇ ਕਰੀਬ ਮੈਨੂੰ ਸਾਵਣ ਆਉਂਦੀ ਨਜ਼ਰ ਆਈ। ਉਸਨੂੰ ਦੇਖਦੇ ਹੀ ਮੈਂ ਖੜਾ ਹੋ ਗਿਆ। ਉਸਨੇ ਵੀ ਸ਼ਾਇਦ ਮੈਨੂੰ ਦੂਰ ਤੋਂ ਹੀ ਤੱਕ ਲਿਆ। ਤੇ ਸਿੱਧੀ ਮੇਰੇ ਕੋਲ ਆ ਖੜੀ ਹੋਈ। ਉਹ ਪਹਿਲਾਂ ਨਾਲੋਂ ਬਦਲੀ ਲੱਗ ਰਹੀ ਸੀ। ਸਰੀਰ ਥੋੜਾ ਜਿਹਾ ਭਰਵਾਂ ਹੋ ਗਿਆ ਜਾਪਦਾ ਸੀ। ਪਰ ਖ਼ੂਬਸੂਰਤੀ ਦਾ ਅੱਜ ਵੀ ਕੋਈ ਤੋੜ ਨਹੀਂ ਸੀ। ਸਾਦਗੀ ਵੀ ਬਰਕਰਾਰ ਸੀ। ਗਲ ਪਟਿਆਲਾ ਸ਼ਾਹੀ ਸੂਟ, ਪੈਰੀ ਝਾਂਜਰ, ਵਾਲ ਬੰਨੇ ਹੋਏ ਸਨ। ਵਾਲ ਘੋੜੇ ਦੀ ਪੂਛ ਦੀ ਤਰ੍ਹਾਂ ਲੰਬੇ ਤੇ ਕੋਇਲ ਦੇ ਵਾਂਗ ਕਾਲੇ ਸਨ। ਕੁੱਲ ਮਿਲਾ ਕੇ ਉਹ ਬਹੁਤ ਹੀ ਖ਼ੂਬਸੂਰਤ ਲੱਗ ਰਹੀ ਸੀ। ਉਸਨੂੰ ਦੇਖਦੇ ਸਾਰ ਹੀ ਮੇਰਾ ਦਿੱਲ ਕੀਤਾ ਕਿ ਇਸ ਨੂੰ ਗਲ ਨਾਲ ਲਾ ਲਵਾਂ। ਪਰ ਮੈਨੂੰ ਆਪਣਿਆਂ ਜ਼ਜਬਾਤਾਂ ਤੇ ਕਾਬੂ ਰੱਖਣਾ ਪਿਆ।

ਉਸਨੇ ਵੀ ਮੇਰੇ ਵੱਲ ਨਜ਼ਰ ਭਰ ਕੇ ਦੇਖਿਆ। ਉਹ ਜਰੂਰ ਹੱਦ ਤੋਂ ਪਰੇ ਖ਼ੂਬਸੂਰਤ ਸੀ। ਪਰ ਮੇਰਾ ਪ੍ਰਭਾਵ ਵੀ ਉਸ ਤੇ ਖਾਸਾ ਪਿਆ ਜਾਪਦਾ ਸੀ। ਮੈਂ ਬੈੱਲ ਬਾਟਮ ਜ਼ੀਨ ਦੀ ਪੈਂਟ, ਗਲ ਫਿੱਕੀ ਜਿਹੀ ਲਕੀਰਾਂ ਵਾਲੀ ਕਮੀਜ਼, ਪੈਰੀ ਰੈੱਡ ਟੇਪ ਕੰਪਨੀ ਦੇ ਬੂਟ ਤੇ ਸਿਰ ਤੇ ਵੱਟਾਂ ਵਾਲੀ ਮੋਰ ਪੰਖੀਆਂ ਪੱਗ ਬੰਨੀ ਹੋਈ ਸੀ। ਭਾਵ ਦੇਖਣ ਵਿੱਚ ਠੀਕ-ਠਾਕ ਲੱਗ ਰਿਹਾ ਸਾਂ। ਉਹ ਮੇਰੇ ਕੋਲ ਪਹੁੰਚੀ ਤੇ ਨਜ਼ਰ ਭਰ ਤੱਕਦੀ ਹੋਈ ਨੇ ਸਤਿ ਸ੍ਰੀ ਅਕਾਲ ਬੁਲਾਈ। ਮੈਂ ਵੀ ਬੜੇ ਆਦਰ ਨਾਲ ਉਸਦਾ ਜੁਆਬ ਦਿੱਤਾ। ਕਰੀਬ ਸਾਢੇ ਤਿੰਨ ਸਾਲ ਬਾਅਦ ਮੈਂ ਸਾਵਣ ਨੂੰ ਦੇਖ ਰਿਹਾ ਸੀ। ਉਸਦੀ ਖ਼ੂਬਸੂਰਤੀ ਅੱਜ ਵੀ ਕਹਿਰ ਢਾ ਰਹੀ ਸੀ। ਕੁਝ ਦੇਰ ਅਸੀਂ ਚੁੱਪ ਬੈਠੇ ਰਹੇ। ਕੋਈ ਵੀ ਨਾ ਬੋਲਿਆ। ਫਿਰ ਮੈਂ ਸਾਵਣ ਵੱਲ ਦੇਖਿਆ ਤਾਂ ਮੈਨੂੰ ਕੁਝ ਕਮੀ ਮਹਿਸੂਸ ਹੋਈ। ਮੈਂ ਸੋਚਿਆ ਕੁਝ ਬਦਲਿਆ ਲੱਗ

ਰਿਹਾ ਹੈ। ਗੌਰ ਕਰਨ ਤੇ ਮੈਂ ਮਹਿਸੂਸ ਕੀਤਾ ਕਿ ਸਾਵਣ ਦੇ ਲਬਾਂ ਦੀ ਮੁਸਕਾਨ ਦਿਖਾਈ ਨਹੀਂ ਦੇ ਰਹੀ। ਫਿਰ ਸਾਡੀਆਂ ਗੱਲਾਂ ਦਾ ਸਿਲਸਲਾ ਸ਼ੁਰੂ ਹੋ ਗਿਆ..

ਸਾਵਣ - ਹੋਰ ਘਰੇ ਕਿਵੇਂ ਸਭ?

ਮੈਂ - ਸਭ ਠੀਕ ਹੈ। ਤੂੰ ਦਸ ਮਹਿਕ ਦਾ ਕੀ ਹਾਲ ਏ? ਕਿਹੜੀ ਜਮਾਤ ਵਿੱਚ ਪੜਦੀ ਹੁਣ?

ਸਾਵਣ - ਠੀਕ ਹੈ ਉਹ ਵੀ। ਪਹਿਲੀ ਜਮਾਤ ਵਿੱਚ ਹੈ ਹੁਣ।

ਮੈਂ - ਸ਼ੁਕਰੀਆ ਆਉਣ ਦੇ ਲਈ।

ਸਾਵਣ - ਕੋਈ ਨਾ ਮੈਂ ਸਮਝਦੀ ਹਾਂ। ਵਧੀਆ ਲੱਗ ਰਿਹਾ ਮੈਨੂੰ ਵੀ ਮਿਲ ਕੇ।

ਮੈਂ - ਜਾਣਦਾ ਹਾਂ ਮੈਂ।

ਸਾਵਣ - ਕੀ ਮਤਲਬ?

ਮੈਂ - ਕੁਝ ਨੀ।

ਸਾਵਣ - ਪ੍ਰੀਤ ਮੈਂ ਬੜੀ ਮਜਬੂਰ ਹਾਂ ਯਾਰ। ਬੜੀ ਤੰਗ ਆ ਚੁਕੀ ਹਾਂ। ਇਹਨਾਂ ਰਿਸ਼ਤਿਆਂ ਤੋਂ। ਜਿੰਦਗੀ ਬੱਤਰ ਹੋ ਚੁਕੀ ਆ।

ਮੈਂ - ਮੈਂ ਤੇਰੇ ਦੁੱਖ ਵੰਢਾਉਣ ਲਈ ਹੀ ਤਾਂ ਹਾਂ। ਪਰ ਤੂੰ ਤਾਂ ਮੈਨੂੰ ਖੁਦ ਤੋਂ ਦੂਰ ਕਰਨ ਵਿੱਚ ਲੱਗੀ ਹੋਈ ਏ।

ਸਾਵਣ - ਤੁਸੀਂ ਮੇਰੇ ਹਲਾਤ ਨਹੀਂ ਸਮਝ ਸਕਦੇ ਕਿ ਮੈਂ ਕੀ ਕੀ ਝੱਲ ਰਹੀ ਹਾਂ। ਮੇਰੀ ਥਾਂ ਹੋਵੋਂ ਤੇ ਤੁਹਾਨੂੰ ਪਤਾ ਲੱਗੇ ਕਿ ਰਿਸ਼ਤੇ ਨਿਭਾਉਣੇ ਕਿੰਨੇ ਔਖੇ ਨੇ।

ਮੈਂ - ਸਮਝਦਾ ਹਾਂ ਮੈਂ ਤੇਰੇ ਦਰਦ ਨੂੰ। ਪਰ ਮੈਨੂੰ ਤਾਂ ਨਾ ਖ਼ੁੱਦ ਤੋਂ ਦੂਰ ਕਰ। ਮੈਂ ਤੈਨੂੰ ਜਿਸਮਾਨੀ ਰਿਸ਼ਤੇ ਬਣਾਉਣ ਲਈ ਤਾਂ ਨੀ ਕਹਿ ਰਹਾਂ ਬਸ ਖੁਦ ਨਾਲ ਜੋੜ ਕੇ ਰੱਖਣ ਦੀ ਮੰਗ ਆ। ਮੈਂ ਕੁਝ ਹੋਰ ਤਾਂ ਨਹੀਂ ਮੰਗਦਾ। ਮੈਂ ਨਹੀਂ ਰਹਿ ਸਕਦਾ ਤੇਰੇ ਬਿਨਾਂ । ਕਿਉਂ ਮੈਨੂੰ ਵੀ ਤੰਗ ਕਰ ਰਹੀਂ ਹੈ ਤੇ ਖ਼ੁੱਦ ਵੀ ਤੰਗ ਹੋ ਰਹੀ ਏਂ।

ਸਾਵਣ - ਮੈਨੂੰ ਮਜਬੂਰ ਨਾ ਕਰੋ। ਤੇ ਨਾ ਹੀ ਹੁਣ ਇਸ ਦਾ ਮੇਰੇ ਲਈ ਕੁਝ ਮਤਲਬ ਹੈ। ਤੁਸੀਂ ਮੈਨੂੰ ਮਿਲਣਾ ਚਾਹੁੰਦੇ ਸੀ ਇਸ ਲਈ ਮੈਂ ਆ ਗਈ। ਪਿਛਲੀਆਂ ਗੱਲਾਂ ਨਾ ਕਰੋ ਤਾਂ ਬਹਿਤਰ ਰਹੂ। ਨਹੀਂ ਤਾਂ ਮੈਂ ਚਲੀ ਜਾਵਾਂਗੀ।

ਮੈਂ - ਇਹ ਤਾਂ ਕੋਈ ਗੱਲ ਨਾ ਹੋਈ ਯਾਰ।

ਸਾਵਣ - ਪ੍ਰੀਤ ਸਮਝਦੇ ਕਿਉਂ ਨਹੀਂ ਤੁਸੀਂ। ਨਾ ਮਜਬੂਰ ਕਰੋ ਮੈਨੂੰ ਇਹ ਨਾ ਹੋਵੇ ਮੈਂ ਕਿਸੇ ਪਾਸੇ ਦੀ ਨਾ ਰਹਾਂ।

www.PunjabiLibrary.com

ਫਿਰ ਕਿੰਨੇ ਚਿਰ ਤੱਕ ਨਾ ਮੈਂ ਕੁਝ ਬੋਲਿਆ। ਤੇ ਨਾ ਹੀ ਉਹ। ਅਸੀਂ ਇੱਕ ਦਮ ਸ਼ਾਂਤ ਹੋ ਗਏ। ਕਦੇ ਆਸ-ਪਾਸ ਦੇਖਦੇ ਤੇ ਕਦੇ ਇੱਕ ਦੂਜੇ ਵੱਲ। ਦੋ-ਤਿੰਨ ਵਾਰ ਸਾਡੀਆਂ ਨਜ਼ਰਾਂ ਆਪਸ ਵਿਚ ਮਿਲੀਆਂ ਪਰ ਅਸੀਂ ਫਿਰ ਵੀ ਨਾ ਬੋਲੇਂ। ਸ਼ਾਇਦ ਉਹ ਮੇਰੇ ਭਾਵਾਂ ਨੂੰ ਸਮਝ ਰਹੀ ਸੀ ਤੇ ਮੈਂ ਉਸਦੇ ਭਾਵਾਂ ਨੂੰ। ਫਿਰ ਉਹ ਬੋਲੀ..

ਸਾਵਣ - ਅੱਜ ਕੱਲ ਕਵਿਤਾਵਾਂ ਬਹੁਤ ਛਪ ਰਹੀਆਂ ਨੇ ਆਪਦੀਆਂ। ਸਾਰੀਆਂ ਮੇਰੀ ਬੇ ਵਫਾਈ ਤੇ ਨੇ ਜਾਂ ਫਿਰ ਕਿਸੇ ਹੋਰ ਲਈ ਵੀ ਕੋਈ ਲਿਖੀ ਆ?

ਮੈਂ - ਤੇਰੇ ਲਈ ਹੀ ਨੇ ਸਭ। ਮੈਨੂੰ ਹੋਰ ਕੋਈ ਬੇ ਵਫਾ ਨਹੀਂ ਲੱਗਾ ਅਜੇ ਤੱਕ। ਲੱਗੀ ਤਾਂ ਤੂੰ ਵੀ ਨਹੀਂ ਪਰ ਫਿਰ ਵੀ ਪਤਾ ਨਹੀਂ ਕਿਉਂ ਜਦੋਂ ਲਿਖਣ ਬੈਠਦਾ ਹਾਂ ਤਾਂ ਤੇਰਾ ਜ਼ਿਕਰ ਹੋ ਜਾਂਦਾ। ਇਸ ਵਿੱਚ ਮੈਂ ਕੀ ਕਰਾ।

ਸਾਵਣ - ਸੁਣਾਓ ਫਿਰ ਕੋਈ।

ਮੈਂ - ਤੂੰ ਪੜੀਆਂ ਨੇ। ਫਿਰ ਕਿਉਂ ਸੁਣਨੀ।

ਸਾਵਣ - ਸਭ ਨਹੀਂ ਪੜੀਆਂ। ਚਲੋਂ ਉਹ ਸੁਣਾ ਦਿਉਂ.. ਕੀ ਸੀ..? ਹਾਂ ਯਾਦ ਆਈ..” ਮਤਲਬੀ ਦਿਲਬਰਾ, ਕਿੱਥੇ ਢੋਈ ਲਾਵੇਗਾਂ”..

ਮੈਂ - ਮੈਨੂੰ ਯਾਦ ਨਹੀਂ।

ਸਾਵਣ - ਯਾਦ ਤਾਂ ਜਰੂਰ ਹੋਵੇਗੀ। ਐਨੀਆ ਲਾਹਨਤਾਂ ਪਾਈਆਂ ਨੇ ਮੈਨੂੰ।

ਮੈਂ - ਪਤਾ ਤਾਂ ਹੈ ਤੈਨੂੰ ਕਿ ਲਾਹਨਤਾਂ ਨੇ ਫਿਰ ਵੀ ਮੇਰੇ ਮੂੰਹੋ ਸੁਣਨੀਆ ਨੇ।

ਸਾਵਣ - ਹਾਂ ਸੁਣਾਉ ਤੁਸੀਂ। ਸੁਣਾ ਦੋ, ਆਖਰੀ ਵਾਰ ਆਪਣੇ ਮੂੰਹੋ।

ਮੈਂ - ਲੈ ਸੁਣ ਫਿਰ..

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ,

ਸਾਥ ਨੀ ਮਿਲਣਾ ਕੋਈ,

ਇੱਕ ਦਿਨ ਤੂੰ ਪਛਤਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਮੈਨੂੰ ਆਪਣਾ ਆਖ,

ਠੱਗ ਕੇ ਲੈ ਗਿਆ,

ਮੁੜ ਨਾ ਪਿੱਛੇ ਮੁੜਿਆ ਤੂੰ,

ਜੋ ਜਿਸਮ ਖਜਾਨਾ,

ਤੂੰ ਵੰਡਦਾ ਫਿਰਦਾ,

ਕਿਸ ਕਿਸ ਦੇ ਨਾਲ ਜੁੜਿਆ ਤੂੰ,

ਤਨ ਵੀ ਲੁੱਟ ਲਿਆ,

ਮਨ ਵੀ ਲੁੱਟ ਲਿਆ,

ਹੋਰ ਕੀ ਕੀ ਧੰਨ ਕਮਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਮਹਿਕਣ ਦੇ ਵਿੱਚ,

ਕੋਈ ਤੋੜ ਨੀ ਤੇਰਾ,

ਬਦਬੁਦਿਆ ਨੂੰ ਮਹਿਕਾਦੇ ਤੂੰ,

ਪਰ ਨਜ਼ਰ ਭਰ,

ਜੇ ਤੱਕ ਲਵੇਂ ਸੱਜਣਾ,

ਹਰਿਆ ਤਾਈਂ ਜਲਾ ਦੇ ਤੂੰ,

ਦੋਸ਼ ਬੜੇ ਨੇ,

ਨਿਰਦੋਸ਼ ਵੀ ਲੱਗਦਾ,

ਪਰ ਰੂਹ ਦੀਆਂ ਚੋਟਾਂ ਖਾਵੇਂਗਾ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਜੇ ਨੁਕਸ ਕੱਢਾ ਮੈਂ,

ਤਾਂ ਗਿਣਨੇ ਔਖੇ,

ਕੀ ਕੀ ਖੋਲ ਬਿਆਨ ਕਰਾਂ,

ਤੂੰ ਉਸ ਜਾਤ ਦਾ,

ਜੋ ਮੁੱਕਰ ਜਾਵੇ,

ਇਹ ਗੱਲ ਮੈਂ ਪਰਵਾਨ ਕਰਾਂ,

ਤੈਨੂੰ ਲਾਹਨਤਾਂ ਪਾਵਾਂ,

ਫਿਟਕਾਂ ਦੇਵਾਂ,

ਤੂੰ ਤੱਦ ਵੀ ਇੱਜ਼ਤਾਂ ਚਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਪ੍ਰੀਤ ਵਿਚਾਰਾ,

ਫਿਰਦਾ ਮਾਰਾ,

ਤੂੰ ਖਾਲੀ ਕਰ ਗਿਆ ਪੱਲਾ ਵੇ,

ਹੁਣ ਨਾ ਇਸਦਾ,

ਕੋਈ ਹਮਰਾਹੀ ਬਣਦਾ,

ਜੱਗ ਤੇ ਰਹਿ ਗਿਆ ਕੱਲਾ ਵੇ,

ਰੱਬ ਨੂੰ ਧਿਆਏ,

ਜਾਂ ਮਰ ਮੁੱਕ ਜਾਏ,

ਕੀ ਇਸਦਾ ਮੁੱਲ ਕੋਈ ਪਾਵੇਗਾ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ,

ਮਤਲਬੀ ਦਿਲਬਰਾ,

ਕਿੱਥੇ ਢੋਈ ਲਾਵੇਗਾਂ।

ਕਵਿਤਾ ਆਖ ਮੈਂ ਚੁੱਪ ਹੋ ਗਿਆ। ਉਹ ਵੀ ਚੁੱਪ ਸੀ। ਫਿਰ ਕੁਝ ਚਿਰ ਪਿੱਛੋਂ ਬੋਲੀ।

ਸਾਵਣ - ਮੈਂ ਐਨੀਆਂ ਵੀ ਮਾੜੀਆਂ ਨਹੀਂ ਕੀਤੀਆਂ ਆਪ ਨਾਲ ਜੋ ਐਨੀ ਬੇ ਸਲੂਕੀ ਭਰੀਆਂ ਲਾਹਨਤਾਂ ਪਾ ਰਹੇ ਓ।

ਮੈਂ - ਕਿਸੇ ਵੀ ਔਰਤ ਜਾਂ ਮਰਦ ਦੇ ਆਪਸ ਵਿੱਚ ਦੂਰੀ ਆਉਣ ਤੇ ਮਨ ਨਵੀਆਂ-ਨਵੀਆਂ ਗੱਲਾਂ ਉਤਪੰਨ ਕਰਨ ਲੱਗ ਪੈਂਦਾ ਏ। ਭਾਵੇਂ ਉਹਨਾਂ ਦਾ ਕੋਈ ਵਜ਼ੂਦ ਹੋਵੇ ਜਾਂ ਨਾ ਹੋਵੇ। ਕੋਈ ਫਰਕ ਨਹੀਂ ਪੈਂਦਾ।

ਸਾਵਣ - ਪ੍ਰੀਤ...

ਮੈਂ - ਕੀ ਗੱਲ?

ਸਾਵਣ - ਵਕਤ ਬਦਲ ਨਹੀਂ ਸਕਦਾ?

ਮੈਂ - ਬੀਤਿਆ ਤਾਂ ਨਹੀਂ ਬਦਲ ਸਕਦਾ। ਹਾਂ ਆਉਣ ਵਾਲਾ ਆਪਣੇ ਵੱਸ ਵਿੱਚ ਹੈ। ਜਿਧਰ ਨੂੰ ਚਾਹੀਏ ਮੋੜ ਲਈਏ।

ਉਸਨੇ ਮੇਰੇ ਜੁਆਬ ਵਿੱਚ ਸਿਰ ਹਿਲਾਇਆ ਤੇ ਫਿਰ ਚੁੱਪ ਹੋ ਗਈ। ਮੈਂ ਵੀ ਚੁੱਪ ਬੈਠ ਗਿਆ। ਫਿਰ ਮੇਰਾ ਧਿਆਨ ਘੜੀ ਵੱਲ ਗਿਆ। ਮੈਂ ਘੜੀ ਨੂੰ ਜੇਬ ਵਿੱਚੋਂ ਕੱਢਿਆ ਤੇ ਸਾਵਣ ਦਾ ਹੱਥ ਫੜ ਉਸਦੇ ਹੱਥ ਤੇ ਰੱਖ ਦਿੱਤੀ। ਉਸਨੇ ਘੜੀ ਨੂੰ ਦੇਖਿਆ ਤੇ ਫਿਰ ਮੇਰੇ ਵੱਲ ਦੇਖ ਕੇ ਬੋਲੀ..

ਸਾਵਣ - ਮੈਂ ਇਹ ਵਾਪਿਸ ਨਹੀਂ ਲੈਣੀ। ਤੁਸੀਂ ਆਪਣੇ ਕੋਲ ਰੱਖੋ।

ਮੈਂ - ਇਹ ਤੇਰੇ ਵਾਸਤੇ ਲਈ ਸੀ। ਤੇ ਇਹ ਤੇਰੀ ਹੀ ਆ। ਮੈਨੂੰ ਇਸਦੀ ਲੋੜ ਨਹੀਂ ਆ। ਤੇ ਨਾ ਹੀ ਮੇਰਾ ਇਸਤੇ ਕੋਈ ਹੱਕ ਆ।

ਸਾਵਣ ਨੇ ਘੜੀ ਵਾਪਿਸ ਕਰਨ ਲਈ ਬਹੁਤ ਜ਼ੋਰ ਲਾਇਆ। ਪਰ ਮੈਂ ਘੜੀ ਉਸਦੇ ਹੱਥ ਵਿੱਚ ਦੇ ਹੱਥ ਘੁੱਟ ਕੇ ਰੱਖਿਆ। ਉਸਦਾ ਹੱਥ ਘੁੱਟਣ ਕਾਰਨ ਦਰਦ ਕਰਨ ਲੱਗਾ। ਇਹ ਦੇਖ ਮੈਂ ਹੱਥ ਛੱਡ ਦਿੱਤਾ। ਪਰ ਘੜੀ ਉਸਦੇ ਹੱਥ ਵਿੱਚ ਹੀ ਰਹੀ। ਫਿਰ ਉਸਨੇ ਘੜੀ ਦੇਖੀ ਤੇ ਬੋਲੀ..

ਸਾਵਣ - ਮੈਂ ਕਿਹਾ ਸੀ ਇਸਦਾ ਸਮਾਂ ਰੁਕਿਆ ਰਹਿਣ ਦਿਉ।

ਮੈਂ - ਹਾਂ ਪਰ ਤੂੰ ਇਹ ਵੀ ਲਿਖਿਆ ਸੀ ਕਿ ਆਪਣੀ ਮਰਜੀ ਕਰਨਾ। ਇਸ ਲਈ ਮੈਂ ਇਸ ਨੂੰ ਚਾਲੂ ਕਰ ਦਿੱਤਾ। ਬਾਕੀ ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਤੇਰਾ ਸਮਾਂ ਰੁਕਿਆ ਰਹੇ। ਭਾਵੇਂ ਤੂੰ ਮੇਰੇ ਨਾਲ ਰਹੇਂ ਜਾਂ ਨਾ ਰਹੇਂ।

ਸਾਵਣ - ਇਹ ਵਾਪਿਸ ਕਰ ਤੁਸੀਂ ਮੁੜ ਤੋਂ ਮੈਨੂੰ ਬੰਧਨ ਵਿੱਚ ਬੰਨ ਰਹੇ ਹੋ।

ਮੈਂ - ਨਹੀਂ ਤੂੰ ਅਜ਼ਾਦ ਏ। ਮੇਰੇ ਵੱਲੋਂ ਤੈਨੂੰ ਕੋਈ ਬੰਦਸ਼ ਨਹੀਂ।

ਉਸਨੇ ਘੜੀ ਨੂੰ ਦੇਖਿਆ ਤੇ ਫਿਰ ਮੇਰੇ ਵੱਲ। ਫਿਰ ਘੜੀ ਨੂੰ ਫੜ ਓਦਾਂ ਹੀ ਬੈਠੀ ਰਹੀ। ਫਿਰ ਕੁਝ ਚਿੱਰ ਪਿੱਛੋਂ ਉੱਠੀ ਤੇ ਮੈਂ ਵੀ ਉੱਠ ਗਿਆ। ਉਹ ਬੋਲੀ।

ਸਾਵਣ - ਮੈਂ ਚੱਲਦੀ ਹਾਂ ਹੁਣ। ਮਹਿਕ ਦੇ ਸਕੂਲ ਤੋਂ ਆਉਣ ਦਾ ਸਮਾਂ ਹੋ ਜਾਣਾ।

ਮੈਂ - ਫਿਰ ਮਿਲੇਗੀਂ?

ਸਾਵਣ - ਨਹੀਂ ਪ੍ਰੀਤ ਮੈਂ ਪਹਿਲਾਂ ਵੀ ਕਿਹਾ ਸੀ। ਮੈਂ ਦੁਬਾਰਾ ਨਹੀਂ ਮਿਲਾਗੀਂ। ਮੈਨੂੰ ਮੁਆਫ ਕਰਨਾ। ਚੰਗਾ ਮੈਂ ਚੱਲਦੀ ਹਾਂ।

ਮੈਂ - ਚੱਲ ਕੁਝ ਪਲ ਹੋਰ ਰੁਕ ਜਾ।

ਸਾਵਣ - ਨਹੀਂ ਮੈਨੂੰ ਲੱਗਦਾ ਹੁਣ ਜਾਣਾ ਚਾਹੀਦਾ ਏ। ਇਸ ਤੋਂ ਪਹਿਲਾਂ ਗੱਲ ਵਧੇ। ਤੇ ਮੈਂ ਗੱਲ ਨਹੀਂ ਵਧਾਉਣਾ ਚਾਹੁੰਦੀ।

ਮੈਂ - ਠੀਕ ਆ ਜਿਵੇਂ ਤੇਰੀ ਮਰਜੀ।

ਸਾਵਣ - ਹਾਂ ਸੱਚ ਮੇਰੇ ਤੇ ਸ਼ਾਇਰੀ ਕਰਨੀ ਜ਼ਰਾ ਘਟਾ ਦਿਉ। ਬਸ ਬਹੁਤ ਹੈ ਜੋ ਕੁਝ ਵੀ ਲਿਖ ਦਿੱਤਾ ਏ।

ਮੈਂ - ਠੀਕ ਹੈਂ ਸੋਚਾਗਾਂ।

ਸਾਵਣ - ਚੰਗਾ ਚੱਲਦੀ ਹਾਂ ਮੈਂ।

ਇਹ ਆਖ ਉਹ ਆਪਣੇ ਘਰ ਨੂੰ ਚੱਲ ਪਈ। ਮੈਂ ਉਥੇ ਹੀ ਖੜਾ ਰਿਹਾ। ਇੱਕ ਦੋ ਵਾਰ ਮੇਰੇ ਮਨ ਵਿੱਚ ਖਿਆਲ ਆਇਆ ਕਿ ਸਾਵਣ ਦੇ ਪਿੱਛੇ ਜਾਵਾਂ ਤੇ ਦੇਖਾਂ ਇਸਦਾ ਘਰ ਕਿੱਥੇ ਹੈ? ਪਰ ਫਿਰ ਸੋਚਿਆ ਜੱਦ ਉਸਨੇ ਰਿਸ਼ਤਾ ਹੀ ਨਹੀਂ ਰੱਖਣਾ ਕਿਉਂ ਅੜੀਆਂ ਕਰਨੀਆ ਨੇ। ਮੈਂ ਉਸਨੂੰ ਤੱਦ ਤੱਕ ਦੇਖਦਾ ਰਿਹਾ। ਜੱਦ ਤੱਕ ਉਹ ਅੱਖੀਆਂ ਤੋਂ ਓਹਲੇ ਨਾ ਹੋ ਗਈ। ਮੈਂ ਵੀ ਘਰ ਨੂੰ ਵਾਪਿਸ ਚੱਲ ਪਿਆ।

ਘਰ ਪਹੁੰਚ ਮੈਂ ਮੁੜ ਤੋਂ ਘਰ ਦੇ ਕੰਮਾਂ ਵਿੱਚ ਵਿਅਸਤ ਹੋਣ ਲੱਗਾ। ਤੇ ਸਾਵਣ ਨੂੰ ਭੁੱਲਣ ਦਾ ਯਤਨ ਕਰਨ ਲੱਗਾ। ਪਰ ਕਰੀਬ ਦਸ ਦਿਨ ਬਾਅਦ ਫਿਰ ਤੋਂ ਫੇਸਬੁੱਕ ਦੇ ਓਹੀ ਖਾਤੇ ਤੋਂ ਸੰਦੇਸ਼ ਆਇਆ। ਮੈਂ ਸੰਦੇਸ਼ ਪੜਨ ਲੱਗਾ..

ਪ੍ਰੀਤ ਮੈਂ ਮਿਲਣਾ ਹੈ ਆਪ ਨੂੰ।

ਮੈਂ ਜੁਆਬ ਦਿੱਤਾ..

ਕੀ ਗੱਲ ਤੂੰ ਤਾਂ ਕਦੇ ਮਿਲਣਾ ਨਹੀਂ ਸੀ ਚਾਹੁੰਦੀ? ਹੁਣ ਕੀ ਹੋਇਆ?

ਜੁਆਬ ਆਇਆ..

ਤੁਸੀਂ ਦੱਸੋ ਮਿਲਣਾ ਹੈ ਜਾਂ ਨਹੀਂ? ਹਾਂ ਜਾਂ ਨਾਂਹ ਵਿੱਚ ਜੁਆਬ ਦਿਉ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਆ ਜਾਵਾਂਗਾਂ। ਓੱਥੇ ਹੀ ਆਵਾਂ?

ਜੁਆਬ ਆਇਆ..

ਤੁਸੀਂ ਜਾਣਦੇ ਤਾਂ ਹੋ। ਫਿਰ ਵੀ ਸਵਾਲ।

ਮੈਂ ਜੁਆਬ ਦਿੱਤਾ..

ਕਦੋਂ ਆਵਾਂ?

ਜੁਆਬ ਆਇਆ..

ਕੱਲ ਸ਼ਾਮ ਨੂੰ।

ਮੈਂ ਜੁਆਬ ਦਿੱਤਾ..

ਠੀਕ ਹੈ ਮੈਂ ਆ ਜਾਵਾਂਗਾਂ।

ਜੁਆਬ ਆਇਆ..

ਠੀਕ ਹੈ।

ਇਸ ਜੁਆਬ ਤੋਂ ਬਾਅਦ ਉਸਦਾ ਕੋਈ ਜੁਆਬ ਨਾ ਆਇਆ। ਮੈਨੂੰ ਸਮਝ ਨਹੀਂ ਲੱਗੀ ਕਿ ਅਚਾਨਕ ਸਾਵਣ ਨੇ ਮੈਨੂੰ ਕਿਉਂ ਬੁਲਾ ਲਿਆ। ਉਹ ਤਾਂ ਮੇਰੇ ਨਾਲ ਕਿਸੇ ਤਰ੍ਹਾਂ ਦਾ ਰਿਸ਼ਤਾ ਨਹੀਂ ਸੀ ਰੱਖਣਾ ਚਾਹੁੰਦੀ। ਪਹਿਲਾਂ ਤਾਂ ਮੈਂ ਸੋਚਿਆਂ ਕਿ ਇਹ ਕੋਈ ਗੱਲ ਥੋੜਾ ਹੋਈ ਕਿ ਉਹ ਕਹੇ ਤਾਂ ਮਿਲਾਂਗੇਂ, ਉਹ ਨਾਂਹ ਕਰੇ ਤੇ ਨਹੀਂ। ਮੈਂ ਨਹੀਂ ਜਾਵਾਂਗਾਂ। ਫਿਰ ਮੇਰਾ ਮਨ ਬਦਲ ਗਿਆ। ਕਿਉਂ ਕਿ ਮੇਰੀ ਖਿੱਚ ਅਜੇ ਵੀ ਸਾਵਣ ਵੱਲ ਸੀ। ਮੈਂ ਬਾਪੂ ਕੋਲੋਂ ਰਾਤ ਹੀ ਇੰਟਰਵਿਊ ਦੇਣ ਜਾਣ ਦਾ ਬਹਾਨਾ ਲਾ ਪੈਸੇ ਲੈ ਲਏ। ਤੇ ਸਵੇਰੇ ਸਮੇਂ ਸਿਰ ਹੀ ਘਰੋਂ ਨਿਕਲ ਗਿਆ। ਪਰ ਕਿਸੇ ਕਾਰਨ ਸੜਕਾਂ ਤੇ ਆਵਾਜਾਈ ਬਹੁਤ ਸੀ ਜਿਸ ਕਰਕੇ ਮੈਨੂੰ ਦੇਰੀ ਹੋ ਗਈ ਤੇ ਮੈਂ ਸ਼ਾਮ ਦੇ ਸਾਢੇ ਚਾਰ ਵਜੇ ਮਿੱਥੀ ਥਾਂ ਤੇ ਪਹੁੰਚ ਗਿਆ। ਮੈਂ ਦੇਖਿਆ ਸਾਵਣ ਮੇਰਾ ਇੰਤਜ਼ਾਰ ਕਰ ਰਹੀ ਸੀ। ਮੈਂ ਦੂਰ ਤੋਂ ਹੀ ਉਸਨੂੰ ਬੇਸਬਰੀ ਨਾਲ ਇੰਤਜ਼ਾਰ ਕਰਦੇ ਦੇਖ ਲਿਆ। ਉਸ ਵੱਲ ਤੱਕਦਾ ਹੋਇਆ ਮੈਂ ਉਸ ਵੱਲ ਵਧਿਆ। ਇਸ ਵਾਰ ਉਸਨੇ ਹਰੇ ਰੰਗ ਦਾ ਪਲਾਜੋ ਸੂਟ ਪਾਇਆ ਸੀ। ਤੇ ਖੂਬਸੂਰਤੀ ਬਾਰੇ ਬਿਆਨ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਸੀ। ਭਾਵੇਂ ਉਹ ਵਿਆਹੀ ਹੋਈ ਤੇ ਉਸਦੀ ਬੇਟੀ ਸੀ। ਪਰ ਉਸਦੀ ਸਾਦਗੀ ਕਾਰਨ ਉਹ ਮੈਨੂੰ ਸੁਪਨਾ ਜਾਂ ਮੇਰੇ ਮਨ ਦਾ ਭਰਮ ਹੀ ਜਾਪਦੇ ਸਨ। ਮੈਂ ਚਿੱਟੇ ਰੰਗ ਦਾ ਕੁੜਤਾ ਪਜਾਮਾ, ਪੈਰੀ ਖੁੱਸਾ ਤੇ ਸਿੱਰ ਗੁਲਾਨਾਰੀ ਰੰਗ ਦੀ ਪੱਗ ਬੰਨੀ ਹੋਈ ਸੀ। ਮੈਂ ਉਸਦੇ ਕੋਲ ਪੁੱਜਾ। ਉਸਨੇ ਮੇਰੇ ਵੱਲ ਗੁੱਸੇ ਭਰੀ ਨਜ਼ਰ ਨਾਲ ਦੇਖਿਆ। ਮੈਨੂੰ ਪਤਾ ਲੱਗ ਗਿਆ ਕਿ ਉਹ ਕਾਫੀ ਸਮੇਂ ਤੋਂ ਮੇਰੀ ਉਡੀਕ ਕਰ ਰਹੀ ਹੋਵੇਗੀ। ਮੈਨੂੰ ਦੇਖਦੇ ਹੀ ਉਹ ਬੋਲੀ..

ਸਾਵਣ - ਐਨੀ ਦੇਰੀ। ਦੋ ਢਾਈ ਘੰਟੇ ਹੋ ਗਏ ਉਡੀਕ ਕਰਦੀ ਨੂੰ।

ਮੈਂ - ਯਾਰ ਨਿਕਲਿਆਂ ਤਾਂ ਘਰੋਂ ਵੇਲੇ ਨਾਲ ਹੀ ਸੀ ਪਰ ਰਾਹ ਵਿੱਚ ਵਕਤ ਖਰਾਬ ਹੋ ਗਿਆ।

ਸਾਵਣ - ਬਹਾਨੇ ਬਣਾਉਣ ਦੀ ਲੋੜ ਨਹੀਂ।

ਮੈਂ - ਲੈ ਦੱਸ।

ਸਾਵਣ - ਕੀ ਲੈ ਦੱਸ?

ਮੈਂ - ਕੋਈ ਗੱਲ ਵੀ ਕਰੇਗੀਂ ਜਾਂ ਬੱਸ ਗੁੱਸਾ ਹੀ ਕਰੀ ਜਾਣਾ।

ਉਸਨੇ ਕੋਈ ਗੱਲ ਨਾ ਕੀਤੀ। ਤੇ ਮੁੜ ਤੋਂ ਗੁੱਸੇ ਨਾਲ ਮੇਰੇ ਵੱਲ ਦੇਖਿਆ। ਮੈਂ ਉਸ ਨੂੰ ਪਹਿਲੀ ਵਾਰ ਗੁੱਸੇ ਵਿੱਚ ਦੇਖ ਰਿਹਾ ਸੀ। ਫਿਰ ਉਸਨੇ ਮੇਰੀ ਬਾਂਹ ਫੜੀ ਤੇ ਅੱਗੇ ਲੈ ਹੋ ਤੁਰੀ। ਅਸੀਂ ਮੁੜ ਓਸੇ ਹੋਟਲ ਵਿੱਚ ਜਾ ਪਹੁੰਚੇ। ਮੈਂ ਸਮਝ ਗਿਆ ਕਿ ਸਾਵਣ ਦੁਖੀ ਮਨ ਨੂੰ ਸ਼ਾਂਤ ਕਰਨ ਦਾ ਜ਼ਰੀਆ ਜਿਸਮ ਸਮਝ ਰਹੀ ਹੈ। ਪਰ ਮੈਂ ਉਸ ਨੂੰ ਰੋਕਿਆ ਨਹੀਂ। ਕਿਉਂਕਿ ਮੈਂ ਵੀ ਇੱਕ ਮਰਦ ਹਾਂ। ਖ਼ੂਬਸੂਰਤ ਔਰਤ ਨੂੰ ਦੇਖ ਕਾਮਵਾਸਨਾ ਫੁੰਕਾਰੇ ਮਾਰਨ ਲੱਗ ਜਾਂਦੀ ਹੈ। ਸਗੋਂ ਇਹ ਤਾਂ ਖ਼ੁੱਦ ਮੇਰੀਆਂ ਭਾਵਨਾਵਾਂ ਨੂੰ ਸੁਰਖ ਕਰਨ ਦੀਆਂ ਯਾਤਨਾਵਾਂ ਕਰ ਰਹੀ ਹੈ। ਮੈਂ ਸਾਵਣ ਦੀਆਂ ਕਾਰਵਾਈਆਂ ਦਾ ਰੋੜਾ ਨਾ ਬਣ ਸਗੋਂ ਉਸ ਦਾ ਹਿੱਸਾ ਬਣਨ ਲੱਗਾ। ਅਸੀਂ ਹੋਟਲ ਦੇ ਕਮਰੇ ਵਿੱਚ ਗਏ ਤੇ ਸਾਵਣ ਨੇ ਜਾਂਦਿਆਂ ਹੀ ਮੈਨੂੰ ਬਾਹਾਂ ਵਿੱਚ ਭਰ ਲਿਆ। ਮੈਂ ਉਤਸੁਕ ਹੋ ਗਿਆ ਤੇ। ਮੁੜ ਤੋਂ ਸਾਵਣ ਨਾਲ ਜਿਸਮਾਨੀ ਪਿਆਸ ਮਿਟਾਉਣ ਵਿੱਚ ਮਸ਼ਰੂਫ ਹੋ ਗਿਆ। ਵਕਤ ਦਾ ਪਤਾ ਹੀ ਨਾ ਲੱਗਾ ਤੇ ਕਰੀਬ ਅੱਠ ਵੱਜ ਗਏ। ਸਾਵਣ ਮੇਰੀਆਂ ਬਾਹਾਂ ਵਿੱਚ ਲਵੇਟੀ ਪਈ ਸੀ। ਜਿਵੇਂ ਜਨਮਾਂ ਤੋਂ ਵਿਛੜੀ ਹੋਵੇ। ਵਕਤ ਦੇਖ ਮੈਂ ਸਾਵਣ ਨੂੰ ਕਿਹਾ..

ਮੈਂ - ਘਰ ਵਾਪਿਸ ਨਹੀਂ ਜਾਣਾ?

ਸਾਵਣ - ਕੀ ਗੱਲ ਮੇਰੇ ਨਾਲ ਰਾਤ ਗੁਜ਼ਾਰਨ ਤੋਂ ਗੁਰੇਜ਼ ਹੈ?

ਉਸ ਤੋਂ ਬਾਅਦ ਮੈਂ ਕੋਈ ਸਵਾਲ ਨਾ ਕੀਤਾ ਤੇ ਸਾਵਣ ਨੂੰ ਆਪਣੀਆਂ ਬਾਹਾਂ ਵਿੱਚ ਹੋਰ ਕੱਸਵਾਂ ਜਕੜ ਲਿਆ। ਅਸੀਂ ਸਾਰੀ ਰਾਤ ਇਕੱਲਿਆਂ ਗੁਜਾਰੀ। ਜਿਸਮਾਨੀ ਤਾਲੂਕਾਤ ਦੇ ਨਾਲ-ਨਾਲ ਉਸ ਨਾਲ ਮਨ ਤੇ ਤਾਲੂਕਾਤ ਵੀ ਵਧ ਗਏ। ਉਸਨੇ ਬਹੁਤ ਰੋਸ ਕੀਤਾ ਪਰ ਉਸ ਤੋਂ ਜਿਆਦਾ ਪਿਆਰ। ਉਸ ਰਾਤ ਉਹ ਕਰੀਬ ਤਿੰਨ ਵਾਰ ਰੋਈ ਤੇ ਮੇਰੇ ਨਾਲ ਲੜੀ ਵੀ। ਪਰ ਮੇਰੇ ਨਾਲ ਮੁੜ ਰਿਸ਼ਤਾ ਜੋੜ ਉਹ ਖੁਸ਼ ਸੀ। ਉਸਨੇ ਦੱਸਿਆ ਕਿ ਘੜੀ ਉਸ ਕੋਲ ਵਾਪਿਸ ਆਉਣ ਤੇ ਉਸ ਨੇ ਇੱਕ ਪਲ ਵੀ ਘੜੀ ਨੂੰ ਖ਼ੁੱਦ ਤੋਂ ਦੂਰ ਨਹੀਂ ਕੀਤਾ। ਜਿਸ ਕਾਰਨ ਹੀ ਉਸ ਦੀ ਮੇਰੇ ਵੱਲ ਖਿੱਚ ਵਧੀ। ਹੋਰ ਵੀ ਬਹੁਤ ਗੱਲਾਂ ਹੋਈਆਂ ਤੇ ਪਿਆਰ ਵੀ। ਅਸੀਂ ਇੱਕ ਪਲ ਵੀ ਸੁੱਤੇ ਨਹੀਂ। ਫਿਰ ਸਵੇਰੇ ਕਰੀਬ ਸੱਤ ਵਜੇ ਸਾਵਣ ਤਿਆਰ ਹੋ ਗਈ ਤੇ ਮੈਂ ਵੀ। ਨਾਸ਼ਤਾ ਕੀਤਾ ਤੇ ਉਸਨੇ ਮੈਨੂੰ ਉਸਦੀਆਂ ਸ਼ਹਿਰ ਦੀਆਂ ਸਭ ਤੋਂ ਪਸੰਦੀ ਦੀਆਂ ਥਾਵਾਂ ਤੇ ਘੁੰਮਾਇਆ। ਉਹ ਮੁੜ ਤੋਂ ਮੈਨੂੰ ਮਿਲ ਖੁਸ਼ ਸੀ। ਉਹ ਬਹੁਤ ਗੱਲਾਂ ਕਰਦੀ ਤੇ ਮੈਂ ਬਸ ਉਸਦੀ ਖ਼ੂਬਸੂਰਤੀ ਨੂੰ ਨਿਹਾਰਦਾ। ਮੈਂ ਉਸਦੇ ਆਪਣੀ ਜਿੰਦਗੀ ਵਿੱਚ ਮੁੜ ਆ ਜਾਣ ਤੇ ਖੁਸ਼ ਸੀ। ਫਿਰ ਸ਼ਾਮ ਨੂੰ ਮੈਂ ਘਰ ਵਾਪਿਸ ਆ ਗਿਆ ਤੇ ਉਹ ਆਪਣੇ ਘਰ ਵਾਪਿਸ ਚਲੀ ਗਈ। ਮੈਂ ਉਸਨੂੰ ਬਿਲਕੁਲ ਨਹੀਂ ਪੁੱਛਿਆਂ ਕਿ ਉਹ ਘਰੋਂ ਕਿਵੇਂ ਆਉਂਦੀ ਹੈ। ਭਾਵ ਉਸਦੇ ਆਉਣ ਜਾਣ ਤੇ ਕੋਈ ਰੋਕ ਹੈ ਜਾਂ ਨਹੀਂ। ਕਿਉਂਕਿ ਮੈਨੂੰ ਇਹ ਗੱਲਾਂ ਬੇ ਲੋੜੀਆਂ ਮਹਿਸੂਸ ਹੋਈਆਂ ਇਸ ਲਈ ਪੁੱਛਣਾ ਜਰੂਰੀ ਨਹੀਂ ਸਮਝਿਆ। ਘਰ ਪਹੁੰਚਦੇ ਸਾਰ ਹੀ ਉਸਨੇ ਫੇਸਬੁੱਕ ਤੇ ਮੈਨੂੰ ਸੰਦੇਸ਼ ਭੇਜਿਆ। ਸੰਦੇਸ਼ ਸੀ..

ਆਪਣਾ ਫੋਨ ਨੰਬਰ ਭੇਜ ਦਿਉ।

ਮੈਂ ਜੁਆਬ ਦਿੱਤਾ..

ਤੇਰੇ ਕੋਲ ਹੈ ਤਾਂ।

ਜੁਆਬ ਆਇਆ..

ਨਹੀਂ ਮੇਰੇ ਕੋਲੋਂ ਗੁੰਮ ਹੋ ਗਿਆ।

ਮੈਂ ਜੁਆਬ ਦਿੱਤਾ..

9779324826

ਸੰਦੇਸ਼ ਪੜ ਉਸਨੇ ਤੁਰੰਤ ਹੀ ਵੱਟਸਐੱਪ ਤੇ ਸੰਦੇਸ਼ ਭੇਜਿਆ..

ਪ੍ਰੀਤ..??

ਮੈਂ ਜੁਆਬ ਦਿੱਤਾ।

ਹਾਂਜੀ।

ਜੁਆਬ ਆਇਆ..

ਮੇਰਾ ਨੰਬਰ ਰੱਖਿਅਤ ਕਰ ਲਵੋਂ ਉਮਰ ਭਰ ਲਈ।

ਮੈਂ ਜੁਆਬ ਦਿੱਤਾ..

ਠੀਕ ਹੈ ਜਨਾਬ। ਕੀ ਨਾਮ ਲਿਖਾਂ।

ਜੁਆਬ ਆਇਆ..

"ਤੂੰ" ਲਿਖ ਲੈ।

ਮੈਂ ਜੁਆਬ ਦਿੱਤਾ..

ਨਹੀਂ ਮੈ ਪਹਿਲਾਂ ਵਾਲਾ ਲਿਖਾਗਾਂ।

ਜੁਆਬ ਆਇਆ..

ਕੀ?

ਮੈਂ ਜੁਆਬ ਦਿੱਤਾ..

"ਬਸ ਮੈਂ", ਕਿਉਂਕਿ ਤੂੰ, ਤੂੰ ਨਹੀਂ ਮੈਂ ਹਾਂ।

ਜੁਆਬ ਆਇਆ..

ਠੀਕ ਹੈ ਸ਼ੁਕਰੀਆ।

ਉਸ ਤੋਂ ਪਿੱਛੋਂ ਹੋਰ ਕਈ ਗੱਲਾਂ ਹੋਈਆਂ। ਸਾਡੀਆਂ ਮੁਲਾਕਾਤਾਂ ਵਧਣ ਲੱਗੀਆਂ। ਸਾਨੂੰ ਆਪਣੇ ਜਿਸਮ ਦੋ ਦੀ ਬਿਜ਼ਾਏ ਇੱਕ ਜਾਪਣ ਲੱਗੇ। ਉਸਦਾ ਮੇਰਾ ਰਿਸ਼ਤਾ ਕਦੇ ਨਾ ਟੁੱਟਣ ਵਾਲਾ ਲੱਗਣ ਲੱਗਾ। ਮੈਂ ਉਸਦੀ ਬੇ ਵਫਾਈ ਲਈ ਜਿੰਨੀਆਂ ਵੀ ਕਵਿਤਾਵਾਂ ਤੇ ਸ਼ਾਇਰੀ ਲਿਖੀ। ਉਹ ਪੜਦਾ ਤੇ ਖੁਸ਼ ਹੁੰਦਾ। ਸਾਵਣ ਨਾਲ ਮੇਲ ਤੋਂ ਬਾਅਦ ਮੈਂ ਪਿਆਰ ਦੇ ਤਰਫੋਂ ਕਵਿਤਾਵਾਂ ਤੇ ਸ਼ਾਇਰੀ ਲਿਖਣ ਲੱਗਾ। ਇਹ ਮੇਰੀ ਪਸੰਦੀਦਾ ਹੈ..

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਲਾਤਾਂ ਤੋਂ।

ਲੱਗੇ ਫਿਰ ਨਵਾਂ ਦਿਨ ਚੜਿਆ,

ਹੁਣ ਮੁੜ ਹੋਈਆਂ ਰੁਸ਼ਨਾਈਆਂ,

ਕੱਲੇ ਕੱਲੇ ਰਹਿਣ ਦੀਆਂ,

ਦੂਰ ਹੋਈਆਂ ਤਨਹਾਈਆਂ,

ਅੱਗ ਸੀਨੇ ਦੇ ਵਿੱਚ ਬਲਦੀ,

ਕਈ ਵਾਰ ਹੋਈਆਂ ਮੁਲਾਕਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਰੰਗ ਦੋਵਾਂ ਨੂੰ ਚੜਿਆ,

ਲੱਗੇ ਧਰਤੀ ਅੰਬਰ ਵਰਗੀ,

ਮੇਰੇ ਸੁਪਨਿਆਂ ਨੂੰ ਅੱਜ ਲੱਗਦਾ ਏ,

ਨੀਂਦ ਪੀਂਘ ਝੂਟ ਕੇ ਚੜ ਗਈ,

ਤਾਰਾ ਇੱਕ ਇੱਕ ਕਰ ਕੇ ਗਿਣਿਆਂ,

ਖੁਸ਼ ਹੋਵਾਂ ਖੁੱਦ ਦੀਆਂ ਬਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਸਭ ਬਦਲਿਆ ਬਦਲਿਆ ਲੱਗਦਾ ਏ,

ਲੱਗੇ ਨਵੀਆਂ ਸਦਰਾਂ ਉੱਗੀਆਂ,

ਮੈਂ ਖੁੱਦ ਨੂੰ ਲੱਭਿਆ ਹੁਣ ਹੀ,

ਲੱਗੇ ਰੀਝਾਂ ਸਾਰੀਆਂ ਪੁੱਗੀਆਂ,

ਇਹ ਚਾਨਣ ਦਾ ਪਰਛਾਵਾਂ,

ਲੱਗੇ ਨਿਕਲੇ ਅੱਗ ਦੀਆਂ ਲਾਟਾਂ ਚੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਲੱਗੇ ਮੰਜ਼ਿਲ ਮਿਲ ਗਈ ਮੈਨੂੰ,

ਮੁੱਕ ਗਈਆਂ ਨੇ ਲੰਮੀਆਂ ਪੈੜਾਂ,

ਦਿੱਲ ਛਾਲਾਂ ਮਾਰੇ ਅੰਦਰ,

ਜਿਵੇਂ ਸਾਗਰ ਦੀ ਇਹ ਲਹਿਰਾਂ,

ਜਿਵੇਂ ਸ਼ੰਖ ਵਜਾਵੇ ਨਾਦ ਕੋਈ,

ਰੱਬ ਮਿਲਿਆ ਏ ਸ਼ੁਰੂਆਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ।

ਮੈਂ ਤੇ ਤੂੰ ਦਾ ਫਰਕ ਹੀ ਮਿਟ ਗਿਆ,

ਲੱਗੇ ਬਸ ਮੈਂ ਹੀ ਮੈਂ ਦਾ ਹਾਣੀ ਆਂ,

www.PunjabiLibrary.com

ਤੂੰ ਮੇਰੇ ਦਿਲ ਦੀਆਂ ਰਮਜ਼ਾਂ ਬੁੱਝੇ,

ਮੈਂ ਤੇਰੇ ਦਿਲ ਦੀ ਜਾਣੀ ਆਂ,

ਇੱਕ ਮਿੱਕ ਹੋਗੇ, ਪਰਛਾਵਾਂ ਬਣ ਗਏ,

ਫਰਕ ਮਿਟ ਗਿਆ ਦਿਨ ਦਾ ਰਾਤਾਂ ਤੋਂ,

ਕਿਤੇ ਪਾਗਲ ਨਾ ਹੋ ਜਾਈਏ,

ਇਹ ਇਸ਼ਕ ਦਿਆਂ ਜਜ਼ਬਾਤਾਂ ਤੋਂ,

ਮੈਨੂੰ ਰੱਬ ਵੀ ਅੱਜ ਖੁਸ਼ ਲੱਗਦਾ ਏ,

ਸਾਡੇ ਦਿਲ ਦੇ ਬਣੇ ਹਲਾਤਾਂ ਤੋਂ।

ਅਕਸਰ ਉਹ ਚੀਜਾਂ ਹੋ ਜਾਂਦੀਆਂ ਨੇ ਜਿਨ੍ਹਾਂ ਦੀ ਇਨਸਾਨ ਨੇ ਕਦੇ ਉਮੀਦ ਨਾ ਕੀਤੀ ਹੋਵੇ। ਕਹਾਣੀ ਪਾਤਰ ਪ੍ਰੀਤ ਨੂੰ ਸਾਵਣ ਨਾਲ ਮੁੜ ਮਿਲਣ ਦੀ ਆਸ ਨਹੀਂ ਸੀ। ਸਗੋਂ ਉਸਨੂੰ ਭੁੱਲਣ ਦਾ ਯਤਨ ਕਰ ਰਿਹਾ ਸੀ। ਪਰ ਜਿੱਥੇ ਪਿਆਰ ਦੀ ਤਾਂਘ ਹੋਵੇ ਉੱਥੇ ਮੁੜ-ਮੁੜ ਮੇਲ ਹੋਣੇ ਲਾਜ਼ਮੀ ਨੇ ਕਿਸੇ ਨਾ ਕਿਸੇ ਕਾਰਨ। ਭਾਵੇਂ ਸਾਵਣ ਕਿਸੇ ਹੋਰ ਨਾਲ ਪਰਿਵਾਰਿਕ ਬੰਧਨ ਵਿੱਚ ਬੱਝੀ ਹੋਈ ਸੀ ਪਰ ਉਸਦੇ ਪਿਆਰ ਦੀ ਖਿੱਚ ਹਮੇਸ਼ਾ ਕਹਾਣੀ ਪਾਤਰ ਪ੍ਰੀਤ ਦੀ ਤਰਫ ਰਹੀ। ਇੱਕ ਬਾਰਾਂ ਹਜਾਰ ਦੀ ਘੜੀ ਸਿਰਫ ਇੱਕ ਜ਼ਰੀਆ ਸੀ ਦੋ ਰੂਹਾਂ ਤੇ ਜਿਸਮਾਂ ਨੂੰ ਵਾਪਸ ਵਿੱਚ ਮਿਲਾਉਣੇ ਦਾ। ਉਹਨਾਂ ਦੌਰਾਨ ਕੁਝ ਗ਼ਲਤਫਹਿਮੀਆਂ ਜਰੂਰ ਹੋਈਆ, ਪਰ ਉਹਨਾਂ ਇਹ ਸਭ ਭੁਲਾ ਅੱਗੇ ਵਧਨ ਦਾ ਯਤਨ ਕੀਤਾ ਤੇ ਸਫਲ ਰਹੇ।

ਪਰ ਇਹ ਰਿਸ਼ਤਾ ਕੱਦ ਤੱਕ ਬਣਿਆਂ ਰਹੇਗਾ। ਖੈਰ ਹੈ ਤਾਂ ਸਾਵਣ ਇੱਕ ਪਰਾਈ ਔਰਤ ਹੀ। ਤੇ ਪ੍ਰੀਤ ਨਾਲ ਚਾਹ ਕੇ ਵੀ ਉਹ ਵਿਆਹ ਨਹੀਂ ਕਰਾ ਸਕਦੀ। ਇਸ ਰਿਸ਼ਤੇ ਦੀ ਹੱਦ ਕਿਸ ਹੱਦ ਤੱਕ ਹੈ ਕੋਈ ਨਹੀਂ ਜਾਣ ਸਕਦਾ। ਮੈਂ ਨਹੀਂ ਜਾਣਦਾ ਕਿ ਇਸ ਕਹਾਣੀ ਦਾ ਅਗਲਾ ਭਾਗ ਆਵੇਗਾ ਜਾਂ ਨਹੀਂ, ਕਿਉਂਕਿ ਜੱਦ ਤੱਕ ਰਿਸ਼ਤੇ ਵਿੱਚ ਉਤਾਅ-ਚੜਾਅ ਨਾ ਆਵੇ ਤੱਦ ਤੱਕ ਉਹ ਕਹਾਣੀ ਨਹੀਂ ਜਾਪਦੀ। ਜਿਵੇਂ ਦੁੱਖ-ਸੁੱਖ ਜਿੰਦਗੀ ਵਿੱਚ ਆਉਂਦੇ ਜਾਂਦੇ ਰਹਿਣ ਤਾਂ ਜਿੰਦਗੀ ਜਿਉਣ ਦਾ ਅਨੰਦ ਬਣਿਆ ਰਹਿੰਦਾ ਹੈ। ਇਵੇਂ ਹੀ ਕਹਾਣੀਆਂ ਨੇ। ਕਿਉਂਕਿ ਇਹ ਅਸਲ ਜੀਵਨ ਤੋਂ ਪ੍ਰਭਾਵਿਤ ਹੋ ਹੀ ਲਿਖੀਆਂ ਜਾਂਦੀਆਂ ਨੇ। ਤੇ ਅੱਗੇ ਕੀ ਹੋਵੇਗਾ ਇਹ ਨਿਰਭਰ ਕਰਦਾ ਹੈ, ਵਕਤ, ਸੋਚ ਤੇ ਹਲਾਤਾਂ ਉੱਪਰ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**9779324826**

**(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਇਸਦਾ ਪਿਛਲਾ ਭਾਗ ਪੜਨ ਲਈ ਜਾਂ ਹੋਰ ਕਹਾਣੀਆਂ ਪੜਨ ਲਈ ਤੁਸੀਂ ਮੈਨੂੰ ਕਾਲ ਜਾਂ ਵੱਟਸਐੱਪ ਕਰ ਸਕਦੇ ਹੋ।)**

**@preet_di_shayari**

**@preet.bhaini**

## ਪ੍ਰੀਤ ਸਿੰਘ ਭੈਣੀ ਦੀਆਂ ਹੋਰ ਲਿਖਤਾਂ ਪੜ੍ਹਨ ਲਈ ਪੰਜਾਬੀ ਲਾਇਬ੍ਰੇਰੀ ਲਿੰਕ

**www.punjabilibrary.com/authors/preet-singh-bhaini/**